# ਵਰਿਆਮ

ਜਨਵਰੀ ੧੯੯੧



ਸਤਿਗੁਰੂ ਰਾਮ ਸਿੰਘ ਜੀ ਜੋ ਸੰਨ ੧੮੧੬ ਦੀ ਬਸੰਤ ਨੂੰ ਪ੍ਰਗਟ ਹੋਏ ।



ਸੱਚ ਧਰਮ ਨੂੰ ਦ੍ਰਿੜਾਉਣ ਲਈ, ਆਜ਼ਾਦੀ ਸੰਗਰਾਮ ਦੇ ਪੂਰਨੇ ਪਾਉਂਦਿਆਂ ਸਤਿਗੁਰੂ ਰਾਮ ਸਿੰਘ ਨੇ ੧੭ ਜਨਵਰੀ ਸੰਨ ੧੮੭੨ ਨੂੰ ਸ੍ਰੀ ਭੈਣੀ ਸਾਹਿਬ ਤੋਂ ਵਿਦਾ ਲਈ । ਉਹਨਾਂ ਨੂੰ ੧੮ ਜਨਵਰੀ ਤੜਕੇ ਵਿਸ਼ੇਸ਼ ਰੇਲ ਗੱਡੀ ਰਾਹੀਂ ਇਲਾਹਬਾਦ ਜੇਲ ਭੇਜ ਕੇ ਬਾਅਦ ਵਿਚ ਬਰਮਾ ਵਿਚ ਜਲਾ ਵਤਨ ਕੀਤਾ ਗਿਆ ।

Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾ: ਲਿ:

ਹੈਦਰਾਬਾਦ

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA




Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਜਿਹੜੇ ਹੱਕ ਨੂੰ ਹਕੀਕਤ ਜਾਣਦੇ ਨਹੀਂ ਨਾ ਉਹ ਮੁਰਸ਼ਦ ਤੇ ਨਾ ਮੁਰੀਦ ਹੁੰਦੇ ।
ਸਾਈ ਸੀਸ ਦੀ ਜੇਕਰ ਨਾ ਦੇਈਏ, ਸੌਦੇ ਅਣਖ ਦੇ ਨਹੀਂ ਖ਼ਰੀਦ ਹੁੰਦੇ ।
ਤੇਗ਼ ਇਸ਼ਕ ਦੀ ਜਿਨ੍ਹਾਂ ਨੂੰ ਝਟਕਦੀ ਏ, ਢਹਿੰਦੇ ਦਿਲਾਂ ਦੀ ਉਹ ਉਮੀਦ ਹੁੰਦੇ ।
ਕਤਲ ਗਾਹਾਂ ਓਹ ਪੂਜੀਆਂ ਜਾਣ ਸਫ਼ਰੀ, ਜਿਥੇ ਮਾਵਾਂ ਦੇ ਲਾਲ ਸ਼ਹੀਦ ਹੁੰਦੇ ।

—ਸੰਤੋਖ ਸਿੰਘ ਸਫ਼ਰੀ




੧੭-੧੮ ਜਨਵਰੀ ੧੮੭੨ ਨੂੰ ਮਲੇਰ ਕੋਟਲੇ ਵਿਚ ੬੬ ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ ।



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਪਾ. ੧੨ਵੀਂ



ਸਤਿਗੁਰੂ ਰਾਮ ਸਿੰਘ ਜੀ ਦੇ
ਪ੍ਰਕਾਸ਼ ਪੁਰਬ ਦੀਆਂ
**ਵਧਾਈਆਂ**


TRADE **OSTER KNIT** MARK

**Top in Fashion Craze Knit**

Manufacturers :
Gents Pullovers, Ladies Cardigon in
Pure Wool and Summer Garments
in Acryl Fabrics

**UDEY KNITWEARS**

**Street No. 3, Jammu Colony,
LUDHIANA-3.**
Hello : Off. 36349, 36538, Resi. 32449
Grams : "Udey Knitwears"

ਡੱਬਲ ਬੈਡੱ, ਸੋਫਾ ਸੈਟ, ਡਾਈਨਿੰਗ ਸੈਟ, ਗੋਲ ਮੇਜ਼
ਅਤੇ ਹੋਰ ਫਰਨੀਚਰ ਦੇ ਸਮਾਨ ਵਾਸਤੇ ਦਰਸ਼ਨ ਦਿਓ

**ਸੂਰਤ ਸਿੰਘ ਐਂਡ ਸਨਜ਼**

ਸਾਹਮਣੇ ਗੁਰੂ ਰਵੀਦਾਸ ਸਕੂਲ,
ਕਿਸ਼ਨਪੁਰਾ, ਜਲੰਧਰ-੧੪੪੦੦੪.

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ।
ਫੋਨ : 58869





Sri Satguru Jagjit Singh Ji eLibrary NamdhariElibrary@gmail.com

# ਵਰਿਆਮ

ਦਸੰਬਰ—੧੯੯੧ ਜਿਲਦ—੧੬ ਅੰਕ—੩

ਤਤਕਰਾ


| | |
|---|---|
| ਸਹਿਜ ਅਵਸਥਾ | ੫ |
| ਸਤ੍ਿਗੁਰ ਦਾਤੇ—ਕਵਿਤਾ—ਜਸਵੰਤ ਸਿੰਘ ਰਾਹੀ | ੬ |
| ਉਦਾਸੀ ਦਾ ਆਲਮ—ਲਖਵਿੰਦਰ ਜੌਹਲ | ੭ |
| ਹਯਾ ਦੀ ਲਕੀਰ (ਕਹਾਣੀ) ਭੁਪਿੰਦਰ ਸਿੰਘ | ੮ |
| ਮੌਤ—ਕਵਿਤਾ—ਸੁਰਜੀਤ ਖੁਰਸ਼ੀਦੀ | ੧੧ |
| ਗ਼ਜ਼ਲ—ਹਰਜੀਤ ਢਿਲੋਂ | ੧੧ |
| ਦਸਤੂਰ—ਕਵਿਤਾ—ਹਰਨੇਕ ਸਿੰਘ ਕੋਮਲ | ੧੨ |
| ਰੁਬਾਈਆਂ—ਸੁਖਦੇਵ ਸਿੰਘ ਪ੍ਰੀਤਮ | ੧੨ |
| ਰਾਜੇ ਕੀ ਸਨ ਕਰਦੇ—ਤਾਲਸਤਾਏ | ੧੩ |
| ਭਾਣਾ ਮੰਨਣ ਦਾ ਬਲ | ੧੯ |
| ਖਬਰਨਾਮਾ | ੨੧ |



ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill
Jalandhar-144001

ਫੋਨ : ਦਫਤਰ : ੫੭੪੫੬, ੫੮੨੪੪ ਪੀ,ਪੀ.
ਘਰ : ੫੬੨੮੯


ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੪.੦੦ ਰੁਪਏ |
| ਸਾਲਾਨਾ ਚੰਦਾ | ੪੦.੦੦ ,, |
| ਤਿੰਨ ਸਾਲ ਵਾਸਤੇ | ੧੦੦.੦੦ ,, |
| ਚਾਰ ਸਾਲ ਵਾਸਤੇ | ੧੨੦.੦੦ ,, |
| ਪੰਜ ਸਾਲ ਵਾਸਤੇ | ੧੫੦.੦੦ ,, |
| ਉਮਰ ਭਰ ਵਾਸਤੇ | ੩੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੩੦੦.੦੦ |


ਅਪਨੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for
Marriages Parties & Govt. Functions
**Namdhari Tent House**
53, Hamidia Road Near Alpana Talkies,
BHOPAL (M.P.)


## ਸਭਹਨ ਕੈ ਸਿਰਮੌਰ

ਮਹੀਨਾ ਜਨਵਰੀ ਦਾ ਇਤਿਹਾਸ ਦੀਆ ਬਹੁਤ ਅਹਿਮ ਘਟਨਾਵਾਂ ਨਾਲ ਭਰਪੂਰ ਹੈ । ਇਸਵਾਰ ਇਸਦੇ ਨਾਲ ਇਤਿਹਾਸ ਬਨਾਉਣ ਵਾਲੇ, ਇਤਿਹਾਸ ਨੂੰ ਮੋੜ ਦੇਣ ਵਾਲੇ ਮਹਾ ਪੁਰਖਾਂ ਵਿਅਕਤੀਆਂ ਦੇ ਅਨੇਕਾਂ ਨਾਮ ਜੁੜੇ ਹਨ । ਇਹਨਾਂ ਵਿਚੋਂ 'ਸਭਹਨ ਕੇ ਸਿਰਮੌਰ' ਨਾਮ ਸਤਿਗੁਰੂ ਰਾਮ ਸਿੰਘ ਜੀ ਦਾ ਹੈ ।

ਉਹਨਾਂ ਦਾ ਜਨਮ ਦਿਵਸ ਬਸੰਤ ਪੰਚਮੀ ਵਾਲੇ ਦਿਨ ਅਤੇ ਦੇਸ਼ ਨਿਸਕਾਸ਼ਨ ਦਾ ਦਿਨ ੧੭ ਜਨਵਰੀ ਦੇ ਠੰਡੇ ਸੀਤ ਦਿਨ ਨੂੰ ਹੈ ।

ਸਤਿਗੁਰੂ ਰਾਮ ਸਿੰਘ ਦਾ ਜਨਮ ਦਿਨ ਅਵਤਾਰ ਦਿਵਸ ਜਾਂ ਪ੍ਰਕਾਸ਼ ਉਤਸਵ ਨਾਮਧਾਰੀ ਸੰਗਤਾਂ ਥਾਓਂ ਥਾਈਂ ਉਤਸਾਹ ਨਾਲ ਮਨਾਉਂਦੀਆਂ ਹਨ । ਨਿਰੰਤਰ ਦੀਵਾਨਾਂ ਅਤੇ ਲੰਗਰਾਂ ਦਾ ਪਰਵਾਹ ਚਲਦਾ ਹੈ । ਸਤਿਗੁਰੂ ਜੀ ਦੇ ਇਸ ਦਿਵਸ ਉਤੇ ਖੁਸ਼ੀ ਉਮਾਹ ਅਤੇ ਮੰਗਲਾਚਰਣ ਦੇ ਨਾਲ ਨਾਲ ਹੀ ਵੈਰਾਗ ਅਤੇ ਵਿਜੋਗ ਦੀ ਧਾਰਾ ਵੀ ਚਲਦੀ ਹੈ ਤੇ ਬਸੰਤ ਵਰਗੇ ਖੇੜੇ ਨੂੰ ਮਹਿਸੂਸ ਕੀਤਾ ਜਾਂਦਾ ਹੈ ਅਤੇ ਉਹਨਾਂ ਦੇ ਪਰਦੇਸ ਜਾਣ ਦੀਆਂ ਚੀਸਾਂ ਅਤੇ ਵਾਪਸ ਮੁੜਣ ਦੀਆਂ ਉਡੀਕਾਂ ਸੰਜੋਗ ਵਿਜੋਗ ਦੀ ਕਾਰ ਨੂੰ ਇਕੋ ਸਮੇਂ ਮੂਰਤੀ ਮਾਨ ਕਰਦੀਆਂ ਹਨ । ਉਸ ਤਰ੍ਹਾਂ ਜਿਵੇਂ ਜਾਰਜ ਬਰਨਾਰਡ ਸ਼ਾਹ ਨੇ ਕਿਹਾ ਹੈ ਕਿ "ਜੀਵਨ ਵਿਚ ਦੋ ਦੁਖਾਂਤ ਹਨ । ਇਕ ਤਾਂ ਇਹ ਅਪਣੇ ਦਿਲ ਦੀ ਖਾਹਸ਼ ਦੀ ਪ੍ਰਾਪਤੀ ਨਾ ਹੋਣਾ ਅਤੇ ਦੂਸਰਾ ਇਹੋ ਪ੍ਰਾਪਤ ਹੋ ਜਾਣਾ"

ਪਰ ਉਹਨਾਂ ਮਹਾਂ-ਹਸਤੀਆਂ, ਮਹਾਂ-ਸ਼ਕਤੀਆਂ ਦਾ ਆਪਣਾ ਜੀਵਨ ਕਰਤਵ ਇਹਨਾਂ ਖੁਸ਼ੀਆਂ ਗਮੀਆਂ ਤੋਂ ਉਪਰ ਹੁੰਦਾ ਹੈ ਉਹ ਤਾਂ ਸਤਿ ਕਰਮ ਕਰਨ ਆਉਂਦੇ ਹਨ ਅਤੇ ਉਹਨਾਂ ਕਰਮਾਂ ਤੇ ਚਲਣ ਦੇ ਪੂਰਨੇ ਪਾ ਜਾਂਦੇ ਹਨ । ਜੋ ਵੀ ਉਹਨਾਂ ਪੂਰਨਿਆਂ ਤੇ ਸੁਚੇਤ ਜਾਂ ਅਚੇਤ ਰੂਪ ਵਿਚ ਤੁਰਦਾ ਹੈ ਉਹ ਮੰਜ਼ਿਲ, ਮਾਨ, ਇਜ਼ਤ ਪ੍ਰਾਪਤ ਕਰਦਾ ਹੈ । ਪੈੜਾਂ ਤੇ ਤੁਰਦਿਆਂ ਤੁਰਦਿਆਂ ਪੈੜਾਂ ਮਾਰਗ, ਪੰਥ ਬਣ ਜਾਂਦੀਆਂ ਹਨ । ਉਹਨਾਂ ਪੈੜਾਂ ਤੇ ਤੁਰਨ ਵਾਲੇ ਅਪਣੇ ਪੜਾਵਾਂ ਤੇ ਪੁਜ ਜਾਂਦੇ ਹਨ ਭਾਵੇਂ ਉਹਨਾਂ ਨੂੰ ਪਤਾ ਨਾ ਵੀ ਹੋਵੇ ਕਿ ਪੈੜਾਂ ਕਿਸ ਪਾਈਆਂ ਸਨ ਅਤੇ. ਜੇ ਪਤਾ ਵੀ ਹੋਵੇ ਤਾਂ ਮੰਜ਼ਿਲ ਤੇ ਪੁਜਣ ਦੇ ਨਸ਼ੇ ਵਿਚ ਪੈੜਾਂ ਪਾਉਣ ਵਾਲਾ ਅਕਸਰ ਵਿਸਰ ਜਾਂਦਾ ਹੈ ।

ਸਤਿਗੁਰੂ ਰਾਮ ਸਿੰਘ ਜੀ ਦੀਆਂ ਪੈੜਾਂ ਮੁਢਲੇ ਤੌਰ ਤੇ ਧਰਮ ਤੇ ਆਧਾਰਤ ਹਨ । ਇਹ ਦੁਨੀਆਂ ਦੀ ਸਭ ਤੋਂ ਪੁਰਾਣੀ ਸੰਸਕ੍ਰਿਤੀ ਭਾਰਤ ਦੀ ਆਧਾਰ ਸ਼ਿਲਾ ਹੈ । ਭਗਵਾਨ



Sri Satguru Jagjit Singh Ji eLibrary NamdhariElibrary@gmail.com

ਕ੍ਰਿਸ਼ਨ ਨੇ ਕਿਹਾ ਕਿ 'ਧਰਮ ਸੰਸਥਾਪਨਾਰਥ ਯ ਸੰਭਵਾਮਿ ਯੁਗੇ ਯੁਗੇ'' ਧਰਮ ਸਥਾਪਤ ਕਰਨ ਲਈ ਮੈਂ ਜੁਗ ਜੁਗ ਵਿਚ ਪਰਗਟ ਹੁੰਦਾ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਜਨਮ ਲੈਣ ਦਾ ਕਾਰਨ ਸਭ ਚੰਗੇ ਪੁਰਖਾਂ ਸਾਧੂਆਂ ਨੂੰ ਦ੍ਰਿੜ ਕਰਵਾਇਆ ''ਧਰਮ ਚਲਾਵਨ ਸੰਤ ਉਭਾਰਣ, ਦੁਸਟ ਸਭਨ ਕੋ ਮੂਲ ਉਪਾਰਨ'' ਅਤੇ

''ਨਾ ਛਡੋਂ ਕਹੁੰ ਦੁਸ਼ਟ ਅਸੁਰਨ ਨਿਸ਼ਾਨੀ
ਚਲੈ ਸਭ ਜਗਤ ਮਹਿ ਧਰਮ ਕੀ ਕਹਾਣੀ''

ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ''ਸਭ ਕੁਲ ਉਧਰੀ ਇਕ ਨਾਮ ਧਰਮ''।

ਇਕ ਪੰਜਾਬੀ ਕਵੀ ਬਾਬਾ ਚੰਦਾ ਸਿੰਘ ਸਤਿਗੁਰੂ ਰਾਮ ਸਿੰਘ ਦੇ ਕਾਰਜ ਕਰਮ ਦੀ ਗਲ ਇਵੇਂ ਕਰਦਾ ਹੈ।

''ਵਜਿਆ ਧੌਂਸਾ ਧਰਮ ਦਾ ਸਤਿਗੁਰ ਦੇ ਦਰਬਾਰ
ਧਰਮ ਚਲੇਗਾ ਜਗਤ ਵਿਚ ਬੋਲੇ ਸਭਿ ਅਕਾਲ

ਸਤਿਗੁਰੂ ਰਾਮ ਸਿੰਘ ਜੀ ਨੇ ਇਸ ਧਰਮ ਕਾਰਜ ਦਾ ਆਧਾਰ ਉਸ ਨਾਮ ਨੂੰ ਬਣਾਇਆ ਜਿਸ ਬਾਰੇ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ

ਸਿਮਰਿ ਸਿਮਰਿ ਨਾਮ ਬਾਰੰਬਾਰ
ਨਾਨਕ ਜੀਅ ਕਾ ਇਹੈ ਆਧਾਰ

ਸਤਿਗੁਰੂ ਰਾਮ ਸਿੰਘ ਜੀ ਵਲੋਂ ਜੀਵ ਦੇ ਆਧਾਰ, ਨਾਮ ਨੂੰ ਬਾਰ ਬਾਰ ਦ੍ਰਿੜਾਉਣ ਕਰਕੇ ਹੀ ਤਾਂ ਉਹਨਾਂ ਦੇ ਮਾਰਗ, ਪੰਥ ਦਾ ਨਾਮ ਨਾਮ-ਆਧਾਰੀ ਭਾਵ ਨਾਮਧਾਰੀ ਪੈ ਗਿਆ।

ਇਤਿਹਾਸਕਾਰ, ਲੇਖਕ ਅਪਣੀ ਅਪਣੀ ਬੁਧ ਅਨੁਸਾਰ ਹੀ ਮਹਾਂ ਪੁਰਖਾਂ ਦੇ ਇਤਿਹਾਸ ਅਤੇ ਜੀਵਨੀਆਂ ਲਿਖਦੇ ਹਨ। ਸਤਿਗੁਰੂ ਰਾਮ ਸਿੰਘ ਜੀ ਬਾਰੇ ਵੀ ਜੋ ਲਿਖਿਆ ਗਿਆ ਹੈ ਉਹ ਵੱਖ ਵੱਖ ਦ੍ਰਿਸ਼ਟੀਕੋਨਾਂ ਤੋਂ ਲਿਖਿਆ ਗਿਆ ਹੈ ਪਰ ਉਹ ਅੰਤਮ ਸੱਚ ਨਹੀਂ। ਜਿਹੋ ਜਿਹੇ ਪਰਸੰਗ ਵਿਚ ਰਖ ਕੇ ਵੇਖਿਆ ਗਿਆ ਉਹ ਜਿਹੀ ਸ਼ਬਦਾਵਲੀ ਦਾ ਜਾਮਾ ਪਹਿਨਾਇਆ ਗਿਆ।

ਅਸੀਂ ਜਿਵੇਂ ਮਹਿਸੂਸ ਕਰਦੇ ਹਾਂ ਉਹ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਸਾਰਾ ਕਰਮ ਖੇਤਰ, ਕਾਰਜ ਕਰਮ ਜਿਸ ਨੂੰ ਨਵੀਨ ਸ਼ਬਦਾਬਲੀ, ਸਮਾਜ ਸੁਧਾਰ ਆਰਥਕ ਬੰਧਨ ਮੁਕਤੀ, ਆਜ਼ਾਦੀ ਸੰਗਰਾਮ, ਨਾ ਮਿਲਵਰਤਨ, ਸੁਦੇਸ਼ੀ ਕ੍ਰਾਂਤੀ ਅੰਦੋਲਨ ਜਾਂ ਵਿਦਰੋਹ ਦਾ ਨਾਮ ਦਿੰਦੀ ਹੈ ਉਸ ਦਾ ਆਧਾਰ ਧਰਮ ਹੀ ਹੈ। ਧਰਮ ਜਿਸਦੇ ਬਾਰੇ ਸਾਰਕੁਤਾਵਲੀ ਦਾ ਕਰਤਾ ਲਿਖਦਾ ਹੈ।

''ਧਰਮ ਦੀ ਉਤਪਤੀ ਕਿਵੇਂ ਹੁੰਦੀ ਹੈ ? ਸੱਚ ਬੋਲਣ ਨਾਲ। ਗਰੀਬਾਂ ਤੇ ਦਇਆ ਕਰਨ ਨਾਲ ਧਰਮ ਦੀ ਵ੍ਰਿਧੀ ਹੁੰਦੀ ਹੈ। ਜੋ ਖਿਮਾ ਕਰਦਾ ਹੈ ਉਸ ਨਾਲ ਧਰਮ ਖੜਾ ਹੈ। ਕਰੋਧ ਨਾਲ ਧਰਮ ਨਾਸ ਹੁੰਦਾ ਹੈ। ਧਰਮ ਦਾ ਗਿਆਨ ਅਤੇ ਸਚ ਨਾਲ ਸਬੰਧਹੈ। ਪਾਪ ਦਾ ਝੂਠ ਅਤੇ ਅਗਿਆਨਤਾ ਨਾਲ।

ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨ ਜਾਚ ਵਿਚੋਂ ਕੁਝ ਕੁ ਮੁਠਾਂ ਲੈ ਕੇ ਮਹਾਤਮਾ ਗਾਂਧੀ ਨੇ ਵਿਸ਼ਾਲ ਪ੍ਰਸਿਧੀ ਖਟੀ ਅਤੇ ਉਹ ਪ੍ਰੋਗਰਾਮ ਵਿਦੇਸ਼ਾਂ ਵਿਚ ਵੀ ਅਪਣਾਇਆ ਗਿਆ। ਜੋ ਕੋਈ ਵੀ ਕਿਸੇ ਦੇਸ਼ ਭੇਖ ਦਾ ਵਿਅਕਤੀ ਉਹਨਾਂ ਪੈੜਾਂ ਨੂੰ ਅਪਣਾਏ ਗਾ ਉਹ ਪ੍ਰਸਿਧੀ ਖਟੇ ਗਾ।

ਸਤਿਗੁਰੂ ਰਾਮ ਸਿੰਘ ਨਾਲ ਸੰਜੋਗ ਵਿਜੋਗ ਦੀ ਗਲ ਸ਼ੁਰੂ ਤੋਂ ਹੀ ਜੁੜੀ ਰਹੀ ਹੈ। ਕੋਈ ਉਹਨਾਂ ਨੂੰ ਸਤਿਗੁਰੂ ਸਚਾ ਪਾਤਸ਼ਾਹ ਮੰਨਦਾ ਹੈ। ਕੋਈ ਬਾਬਾ। ਕੋਈ ਉਹਨਾਂ ਦੇ ਰਾਜਸੀ ਪ੍ਰੋਗਰਾਮ ਨੂੰ ਮਹੱਤਵ ਪੂਰਨ ਕਹਿੰਦਾ ਹੈ ਕੋਈ ਉਹਨਾਂ ਨੂੰ ਧਾਰਮਕ ਹਸਤੀ ਮੰਨਦਾ ਹੈ। ਇਸ ਨਾਲ ਉਹਨਾਂ ਨੂੰ ਕੀ ਫਰਕ ਪੈਂਦਾ ਹੈ।

ਜੇ ਕੋਈ ਇਹ ਵੀ ਕਹਿੰਦਾ ਰਹੇ ਕਿ ਸੂਰਜ ਹਨੇਰਾ ਦਿੰਦਾ ਹੈ ਤਾਂ ਵੀ ਸੂਰਜ ਨੇ ਰੋਸ਼ਨੀ ਹੀ ਦੇਣੀ ਹੈ।

ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਝਗੜਿਆਂ ਵਿਚ ਨਾ ਪਵੋ। ਸਤਿਗੁਰੂ ਰਾਮ ਸਿੰਘ ਵਲੋਂ ਦ੍ਰਿੜਾਏ ਸਚ ਧਰਮ ਦੇ ਪਾਂਧੀ ਬਣੋ ਮੰਜ਼ਿਲ ਮਿਲੇਗੀ। ਕਠ ਉਪਨਿਸ਼ਦ ਵਿਚ ਇਹ ਗਲ ਕੇਹੀ ਚੰਗੀ ਹੈ।

''ਜਾਗੋ, ਉਠੋ ਮਹਾਂ ਪੁਰਖਾਂ ਨੂੰ ਲਭੋ ਤੇ ਉਹਨਾਂ ਤੋਂ ਕੁਝ ਸਿਖੋ।''

# ਪ੍ਰਿੰਸੀਪਲ ਅਜੀਤ ਸਿੰਘ ਚੀਮਾ

ਅੱਜ ਕੱਲ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਿੰਸੀਪਲ ਦੀ ਸੇਵਾ ਸਾਡੇ ਪੁਰਾਣੇ ਮਿੱਤਰ ਸ: ਅਜੀਤ ਸਿੰਘ ਚੀਮਾ ਕਰ ਰਹੇ ਹਨ।

ਆਪ ਦਾ ਲੰਮਾ ਜੀਵਨ ਅਧਿਆਪਨ ਕਾਰਜ ਕਰਦਿਆਂ ਲੰਘਿਆ ਹੈ ਆਪਣੇ ਅਧਿਆਪਨ ਕਾਲ ਵਿਚ ਉਹ ਆਪਣੀ ਕਾਰਜ ਕੁਸ਼ਲਤਾ ਕਾਰਨ ਰਾਸ਼ਟਰਪਤੀ ਤੋਂ ਵਧੀਆ ਅਧਿਆਪਕ ਹੋਣ ਕਾਰਨ ਸਨਮਾਨ ਪ੍ਰਾਪਤ ਕਰ ਚੁੱਕੇ ਹਨ। ਆਪ ਜਿੱਥੇ ਇਕ ਸਫਲ ਅਧਿਆਪਕ ਹਨ ਉਥੇ ਵਧੀਆ ਮਿਲਣਸਾਰ ਇਨਸਾਨ ਹਨ ਅਤੇ ਲੋਕਾਂ ਵਿਚ ਘੁਲ ਮਿਲਕੇ ਰਹਿਣ ਵਾਲੇ ਹਨ। ਚੀਮਾ ਜੀ ਦਾ ਧਾਰਮਕ ਅਤੇ ਸਦਾਚਾਰਕ ਪੱਖ ਵੀ ਬਹੁਤ ਮਜ਼ਬੂਤ ਹੈ। ਨਾਮ ਸਿਮਰਨ ਅਤੇ ਬਾਣੀ ਦੇ ਅਭਿਆਸੀ ਅਤੇ ਉਤਮ ਵਕਤਾ ਹਨ। ਆਪ ਬਹੁਤ ਚੰਗੇ-



Sri Satguru Jagjit Singh Ji eLibrary NamdhariElibrary@gmail.com

ਕਵੀ ਵੀ ਹਨ । ਸੰਗੀਤ ਦੀ ਅਮਲੀ ਸਮਝ ਵੀ ਰਖਦੇ ਹਨ । ਆਪ ਅਛੇ ਲੇਖਕ ਵੀ ਹਨ ਆਪ ਦੀਆਂ ਲਿਖਤਾਂ ਪੁਰਾਣੇ ਰਸਾਲਿਆਂ ਸਤਿਜੁਗ ਆਦਿ ਵਿਚ ਪ੍ਰਕਾਸ਼ਤ ਹੁੰਦੀਆਂ ਰਹੀਆਂ ਹਨ ਅਤੇ ਅੱਜ ਕੱਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਤਾਬਦੀ ਨਾਲ ਸੰਬੰਧਤ ਪੁਸਤਕਾਂ ਵਿਚ ਵੀ ਆਪ ਦੇ ਲੇਖ ਛੱਪ ਰਹੇ ਹਨ ।

ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਆਪ ਨੇ ਬਹੁਤ ਪਿਆਰ ਲਿਆ ਹੈ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵੀ ਆਪ ਸਦਾ ਨੂਰੇ ਨਜ਼ਰ ਰਹੇ ਹਨ । ਸਰਬ ਹਿੰਦ ਨਾਮਧਾਰੀ ਵਿਦਿਆ ਜੱਥੇ ਦੇ ਆਪ ਕਈ ਸਾਲ ਪ੍ਰਧਾਨ ਰਹੇ ਅਤੇ ਇਸ ਸਮੇਂ ਆਪ ਦੀ ਅਗਵਾਈ ਵਿਚ ਕਈ ਬਹੁਤ ਸਫਲ ਸਮਾਗਮ ਹੋਏ ।

ਕੇਵਲ ਸੇਵਾ ਦੀ ਦ੍ਰਿਸ਼ਟੀ ਨੂੰ ਮੁਖ ਰਖਦਿਆਂ ਆਪ ਨੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੀ ਜ਼ੁਮੇਂਵਾਰੀ ਨੂੰ ਕਬੂਲਿਆ ਹੈ ।

ਇਸ ਵੇਲੇ ਚੀਮਾ ਜੀ ੨੪ ਘੰਟੇ ਅਕੈਡਮੀ ਨੂੰ ਉੱਚਾ ਚੁਕਣ ਲਈ ਜਤਨਸ਼ੀਲ ਹਨ ਅਤੇ ਇਸੇ ਕਾਰਨ ਹੀ ਆਪ ਦੇ ਸਾਰੇ ਸਾਥੀਆਂ ਨੇ ਵੀ ਸਹਿਯੋਗ ਦਿਤਾ ਹੈ । ਸ: ਸੁਰਿੰਦਰ ਸਿੰਘ ਗੰਭੀਰ ਮੈਨੇਜਰ ਅਤੇ ਸ: ਲਾਲ ਸਿੰਘ ਜੀ ਸੁਪਰਡੰਟ ਹੋਸਟਲ ਆਪ ਦੀ ਟੀਮ ਦੇ ਸਹਿਯੋਗੀ ਹਨ । ਆਪ ਦੀ ਅਗਵਾਈ ਵਿਚ ਅਕਾਡਮੀ ਬਹੁਤ ਤਰੱਕੀ ਤੇ ਜਾ ਰਹੀ ਹੈ । ਬੱਚਿਆਂ ਵਿਚ ਸਟਾਫ ਅਤੇ ਮਾਪਿਆਂ ਵਿਚ ਚੀਮਾ ਜੀ ਬਹੁਤ ਹਰਮਨ ਪਿਆਰੇ ਹਨ । ਅਕੈਡਮੀ ਦੇ ਬੱਚੇ ਹਰ ਖੇਤਰ ਦੇ ਸਕੂਲੀ ਮੁਕਾਬਲਿਆਂ ਚਾਹੇ ਉਹ ਪੜ੍ਹਾਈ ਦੇ ਹੋਣ ਸੰਗੀਤ-ਕੀਰਤਨ ਦੇ ਹੋਣ ਜਾਂ ਖੇਡਾਂ ਦੇ ਹੋਣ ਅਪਣੀ ਧਾਂਕ ਬੈਠਾ ਰਹੇ ਹਨ । ਚੀਮਾ ਜੀ ਦੀ ਬਹੁਤ ਵੱਡੀ ਸ਼ਖ਼ਸੀਅਤ ਬਾਰੇ ਬਹੁਤ ਥੋਹੜਾ ਹੀ ਲਿਖਿਆ ਹੈ । ਅਸੀਂ ਅਰਦਾਸ ਕਰਦੇ ਹਾਂ ਕਿ ਆਪ ਸੇਵਾ ਤੇ ਸਿਮਰਨ ਦੇ ਮੈਦਾਨ ਵਿਚ ਸਦਾ ਅਗੇ ਰਹਿਣ ਅਤੇ ਅਕਾਡਮੀ ਹੋਰ ਵੀ ਉੱਨਤੀ ਕਰੇ ।

—ਜਗਦੀਸ਼ ਸਿੰਘ

**ਕਾਵਿ ਵਿਅੰਗ**

# ਸਿੱਟਾ ਸਾਇੰਸ ਦਾ

—ਆਦਲ ਦਿਆਲਪੁਰੀ

ਘੁੱਗੀ ਅਮਨ ਦੀ ਆਹਲਣੇ ਵਿੱਚ ਤੜਫੇ
ਫਨੀਅਰ ਜੰਗ ਦਾ ਜਿਸਮ ਤੇ ਲੜ ਗਿਆ ਜੇ
ਫੂਕਾਂ ਅਜੇ ਵੀ ਮਾਂਦਰੀ ਮਾਰਦੇ ਨੇ
ਉਂਜ ਬੂਰ ਉਮੀਦਾਂ ਦਾ ਝੜ ਗਿਆ ਜੇ
ਅੱਜੇ ਵੇਖ ਕੀ ਰੰਗ ਕਰਤਾਰ ਦੇ ਨੇ
ਗਲੇ ਦੌਰ ਸਵਾਸਾਂ ਦਾ ਖੜ੍ਹ ਗਿਆ ਜੇ
ਸਿੱਟਾ ਸਾਇੰਸ ਦਾ 'ਆਦਲਾ' ਇਕ ਬੰਦਾ
ਮਹਾਂ ਸ਼ਕਤੀਆਂ ਦੇ ਅੱਗੇ ਅੜ ਗਿਆ ਜੇ

# ਹਰਿਵਲਭ ਸੰਗੀਤ ਮੁਕਾਬਲੇ ੧੯੯੦ ਜਲੰਧਰ ਵਿਚ ਨਾਮਧਾਰੀ ਕਲਾਕਾਰਾਂ ਦੁਆਰਾ ਪ੍ਰਾਪਤ ਇਨਾਮ



ਕੁਲਵੰਤ ਸਿੰਘ ਜਲੰਧਰ ਨੇ ਹਰਿਵਲਭ ਸੰਗੀਤ ਸੰਮੇਲਨ ਵਿਚ ਹੋਈ ਨਾਰਥ ਜ਼ੋਨ ਸੰਗੀਤ ਪ੍ਰਤੀਯੋਗਤਾ ਵਿਚ ਸਰਵ-ਸ੍ਰੇਸ਼ਟ ਸਥਾਨ ਪ੍ਰਾਪਤ ਕੀਤਾ । ਇਨਾਮ ਵਾਲੀ ਟ੍ਰਾਫੀ ਮਹਾਨ ਸਿਤਾਰ ਵਾਦਕ ਉਸਤਾਦ ਵਿਲਾਇਤ ਖਾਂ ਰਾਹੀਂ ਪ੍ਰਦਾਨ ਕੀਤੀ ਗਈ । ਤਬਲਾ ਵਾਦਨ ਵਿਚ ਕੁਲਵੰਤ ਸਿੰਘ ਸਰਬ ਭਾਰਤੀ ਯੂਨੀਵਰਸਿਟੀ ਵਿਜੇਤਾ ਹੈ ।



ਜਤਿੰਦਰ ਸਿੰਘ ਜਲੰਧਰ ਨੇ ਅਪਣੇ ਮਨਮੋਹਕ ਪਖਾਵਜ ਵਾਦਨ ਦੁਆਰਾ ਹਰਿਵਲਭ ਸੰਗੀਤ ਸੰਮੇਲਨ ਵਿਚ ਦੂਜਾ ਅਸਥਾਨ ਪ੍ਰਾਪਤ ਕੀਤਾ ।

ਸੁਖਦੇਵ ਸਿੰਘ ਸ੍ਰੀ ਭੈਣੀ ਸਾਹਿਬ ਗਾਇਣ ਵਿਚ ਅਤੇ ਗੁਰਦੀਪ ਸਿੰਘ ਨਾਮਧਾਰੀ (ਮੋਗੇ) ਸਿਤਾਰ ਵਾਦਨ ਰਾਹੀਂ ਦੂਜੇ ਦਰਜੇ ਦੇ ਇਨਾਮ ਜਿੱਤੇ ਹਨ ।



Sri Satguru Jagjit Singh Ji eLibrary NamdhariElibrary@gmail.com

# ਮਾਤਾ ਮਹਿੰਦਰ ਕੌਰ (ਚਾਚੀ ਜੀ) ਨਹੀਂ ਰਹੇ



ਬੀਬੀ ਨਰਿੰਦਰ ਕੌਰ ਸ੍ਰੀ ਭੈਣੀ ਸਾਹਿਬ--ਸ; ਸੁਰਜੀਤ ਸਿੰਘ ਯੂ.ਕੇ.—ਸਵਰਗੀ ਸ: ਅਵਤਾਰ ਸਿੰਘ ਅੰਮ੍ਰਿਤਸਰ (ਤਬਲੇ ਵਾਲੇ) ਦੇ ਮਾਤਾ ਜੀ ਜਿਨ੍ਹਾਂ ਨੂੰ ਸਾਰੇ ਨਿੱਕੇ ਵੱਡੇ ਪਿਆਰ ਨਾਲ ਚਾਚੀ ਜੀ ਕਹਿੰਦੇ ਸਨ, ਬੀਬੀ ਮਹਿੰਦਰ ਕੌਰ ਸੁਪਤਨੀ ਸ: ਸੂਰਤ ਸਿੰਘ ਅਫਰੀਕਾ ਵਾਲੇ ੧੯-੧-੯੧ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦੀ ਦੇਹ ਦਾ ਸਸਕਾਰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਕੀਤਾ ਗਿਆ।

# ਸੰਤ ਤਰਸੇਮ ਸਿੰਘ ਜੀ ਦੇ ਪਿਤਾ ਜੀ ਨਮਿਤ ਭੋਗ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਲੰਮੇ ਸਮੇਂ ਤਕ ਰਹੇ ਨਿੱਜੀ ਸਕਤਰ ਸੰਤ ਤਰਸੇਮ ਸਿੰਘ ਜੀ ਦੇ ਪਿਤਾ ਸ: ਪੂਰਨ ਸਿੰਘ ਮਿਤੀ ੧੦ ਜਨਵਰੀ ੧੯੯੧ ਨੂੰ ਅਕਾਲ ਪੁਰਖ ਦੇ ਭਾਣੇ ਅਨੁਸਾਰ ਜੀਵਨ ਯਾਤਰਾ ਪੂਰੀ ਕਰ ਗਏ ਹਨ।

ਉਹਨਾਂ ਦੀ ਜੀਵ ਆਤਮਾ ਨਮਿਤ ਰਖੇ ਪਾਠ ਦੇ ਭੋਗ ਸਮੇਂ ਮਿਤੀ ੨੪ ਜਨਵਰੀ ਨੂੰ ਤਰਸੇਮ ਸਿੰਘ ਜੀ ਦੇ ਪਿੰਡ ਪਾਸਲਾ ਜ਼ਿਲਾ ਜਲੰਧਰ ਵਿਖੇ ਸੰਗਤਾਂ ਦਾ ਭਾਰੀ ਇਕਠ ਹੋਇਆ। ਕੀਰਤਨ ਵਖਿਆਨ ਸ਼ਰਧਾਂਜਲੀਆਂ ਦੇ ਇਕ ਲੰਮੇ ਸਿਲਸਲੇ ਵਿਚ ਸ੍ਰੀਮਾਨ ਪੰਡਿਤ ਗੋਪਾਲ ਸਿੰਘ, ਕਾਕਾ ਗੁਰਬਖਸ਼ ਸਿੰਘ, ਸ: ਦਲੀਪ ਸਿੰਘ ਨਾਮਧਾਰੀ, ਮਹੰਤ ਆਤਮਾ ਸਿੰਘ ਸਨਖਤਰਵੀ, ਮਾਸਟਰ ਨਿਹਾਲ ਸਿੰਘ ਜੀ, ਕਾਮਰੇਡ ਮੰਗਤ ਰਾਮ ਪਾਸਲਾ, ਸੂਬਾ ਮੇਲਾ ਸਿੰਘ, ਜਗਦੀਸ਼ ਸਿੰਘ ਵਰਿਆਮ, ਸ: ਨਰੰਜਨ ਸਿੰਘ ਪਰੇਮੀ, ਸ: ਜੁਗਿੰਦਰ ਸਿੰਘ ਓਬਰਾਏ, ਸ: ਕੁਲਦੀਪ ਸਿੰਘ ਐਲ. ਐਲ. ਬੀ., ਸੰਤ ਬਲਕਾਰ ਸਿੰਘ ਤੇ ਅਕੈਡਮੀ ਦੇ ਬਚਿਆਂ ਆਦਿਕ ਨੇ ਅਪਣੇ ਅਪਣੇ ਸ਼ਬਦਾਂ ਅਤੇ ਵਿਧੀਆਂ ਰਾਹੀਂ ਮਰਨ ਜੀਵਨ ਦੇ ਫਲਸਫੇ ਤੇ ਰੌਸ਼ਨੀ ਪਾਈ ਅਤੇ ਹਮਦਰਦੀ ਪ੍ਰਗਟ ਕੀਤੀ। ਇਸ ਸਮੇਂ ਸ: ਪੂਰਨ ਸਿੰਘ ਦੇ ਵਡੇ ਸਪੁੱਤਰ ਸ: ਮਹਿੰਦਰ ਸਿੰਘ ਨੰਬਰਦਾਰ ਨੂੰ ਪੰਡਿਤ ਗੋਪਾਲ ਸਿੰਘ ਜੀ ਨੇ ਦਸਤਾਰ ਸਜਾਈ।

ਸੰਤ ਤਰਸੇਮ ਸਿੰਘ ਜੀ ਨੇ ਇਕ ਬਹੁਤ ਭਾਵ ਭਿਨੀ ਤਕਰੀਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਧਨਵਾਦ ਕੀਤਾ ਅਤੇ ਉਹਨਾਂ ਦੇ ਉਪਕਾਰਾਂ ਦਾ ਵਰਨਣ ਕੀਤਾ। ਉਹਨਾਂ ਦੂਰੋਂ ਨੇੜਿਓਂ ਆਈਆਂ ਸੰਗਤਾਂ ਦਾ ਵੀ ਧਨਵਾਦ ਕੀਤਾ। ਸੰਤ ਦਲੀਪ ਸਿੰਘ ਨੇ ਸਟੇਜ ਪ੍ਰਬੰਧ ਚਲਾਇਆ ਅਤੇ ਸੰਤ ਦਿਆਲ ਸਿੰਘ ਫਗਵਾੜਾ ਨੇ ਸਮੁਚੀ ਦੇਖ ਰੇਖ ਕੀਤੀ।

ਅਸੀਂ ਸੰਤ ਤਰਸੇਮ ਸਿੰਘ ਜੀ ਪਰਿਵਾਰ ਦੇ ਇਸ ਵਿਛੋੜੇ ਵਿਚ ਹਮਦਰਦੀ ਪਰਗਟ ਕਰਦੇ ਹੋਏ ਵਿਛੜੀ ਜੀਵ ਆਤਮਾ ਦੀ ਸਦਗਤੀ ਦੀ ਅਰਦਾਸ ਵਿਚ ਸ਼ਾਮਲ ਹੁੰਦੇ ਹਾਂ।

— ਜਗਦੀਸ਼ ਸਿੰਘ

---

ਜੇਕਰ ਤੂੰ ਸ਼ੇਰ ਜਾਂ ਚੀਤੇ ਦੇ ਮੂੰਹ ਵਿਚ ਵੜ ਜਾਏਂ, ਜੇਕਰ ਤੇਰੀ ਮੌਤ ਦਾ ਦਿਨ ਨਹੀਂ ਆਇਆ ਉਹ ਤੈਨੂੰ ਨਹੀਂ ਖਾਣਗੇ।

—ਸ਼ੇਖ ਸਾਅਦੀ



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਸਹਿਜ ਅਵਸਥਾ

ਮਨੁੱਖੀ ਮਨ ਕਦੇ ਉੱਚਾ ਜਾਂਦਾ ਹੈ, ਕਦੇ ਹੇਠਾਂ ਡਿਗਦਾ ਤੇ ਡੱਕੇਡੋਲੇ ਖਾਂਦਾ ਹੈ, ਕਦੇ ਟਿਕਦਾ ਹੈ ਤੇ ਕਦੇ ਫੇਰ ਫੁਰਨਿਆਂ ਵਿਚ ਪੈ ਕੇ ਦਲੀਲਾਂ ਦੇ ਮਹੱਲ ਉਸਾਰਦਾ ਤੇ ਢਾਹੁੰਦਾ ਰਹਿੰਦਾ ਹੈ। ਮਨ ਦੀ ਹਰ ਪੱਧਰ ਤੇ ਜੋ ਹਾਲਤ ਹੁੰਦੀ ਹੈ ਉਸ ਨੂੰ ਅਵਸਥਾ ਆਖਦੇ ਹਨ ਤੇ ਭਾਰਤੀ ਚਿੰਤਨ ਅਨੁਸਾਰ ਸਿਆਣਿਆਂ ਨੇ ਇਸ ਨੂੰ ਚਾਰ ਭਾਗਾਂ ਜਾਂ ਵਰਗਾਂ ਵਿਚ ਵੰਡਿਆ ਹੈ। ਪਹਿਲੀ ਜਾਗ੍ਰਤ ਅਵਸਥਾ, ਦੂਜੀ ਸੁਪਨ ਅਵਸਥਾ, ਤੀਜੀ ਸਖੋਪਤਿ ਅਵਸਥਾ ਤੇ ਚੌਥੀ ਤੁਰੀਆ ਜਾਂ ਸਹਿਜ ਅਵਸਥਾ। ਉਨਮਨੀ ਅਵਸਥਾ, ਚੌਥਾ ਪਦ ਆਦਿ ਏਸੇ ਸਹਿਜ ਅਵਸਥਾ ਦੇ ਹੋਰ ਪਰਿਆਇਵਾਚੀ ਨਾਂਉਂ ਹਨ।

ਮਨ ਦੀ ਸੁਚੇਤ ਤੇ ਜਾਗਦੀ ਅਵਸਥਾ ਜਾਗ੍ਰਤ ਹੈ। ਮਨ ਦੀ ਨੀਂਦ ਵੇਲੇ ਅਵਸਥਾ ਸੁਪਨ ਅਵਸਥਾ ਹੈ। ਸੁਪਨੇ ਰਹਿਤ ਘੂਕ ਸੁਤਾ ਮਨ ਸਖੋਪਤਿ ਅਵਸਥਾ ਵਿਚ ਹੁੰਦਾ ਹੈ। ਤੁਰੀਆ ਜਾਂ ਸਹਿਜ ਅਵਸਥਾ ਵਿਚ ਜੀਵ ਦਾ ਮਨ ਟਿਕਾਉ ਤੇ ਇਕਾਗਰਤਾ ਵਿਚ ਹੁੰਦਾ ਹੈ। ਸਤਿਸੰਗ ਤੇ ਭਗਤੀ ਭਾਵਨਾ ਇਸ ਟਿਕਾਉ ਤੇ ਇਕਾਗਰਤਾ ਨੂੰ ਸਥਾਈ ਬਣਾਉਣ ਵਿਚ ਸਹਾਈ ਹੁੰਦੇ ਹਨ। ਤੁਰੀਆ ਜਾਂ ਸਹਿਜ ਅਵਸਥਾ ਵਿਚ ਮਨੁੱਖ ਜੋ ਗਿਆਨ ਪ੍ਰਾਪਤ ਕਰਦਾ ਹੈ, ਉਸ ਨੂੰ ਤੁਰੀਆ ਪਦ ਗਿਆਨ ਜਾਂ ਸਹਿਜੇ ਆਖਿਆ ਜਾਂਦਾ ਹੈ। ਇਹ ਗਿਆਨ ਜਾਗ੍ਰਤ, ਸੁਪਨ ਤੇ ਸਖੋਪਤਿ ਤੋਂ ਉੱਚਾ ਹੁੰਦਾ ਹੈ, ਇਸ ਲਈ ਸਹਿਜ ਗਿਆਨ ਜਾਂ ਤੁਰੀਆ ਅਖਵਾਉਂਦਾ ਹੈ। ਤੁਰੀਆ ਤੇ ਬ੍ਰਹਮ ਪਰਿਆਇਵਾਚੀ ਸ਼ਬਦ ਹਨ, ਇਸ ਲਈ ਤੁਰੀਆ-ਗਿਆਨ ਨੂੰ ਬ੍ਰਹਮ-ਗਿਆਨ ਵੀ ਆਖਦੇ ਹਨ। ਬ੍ਰਹਮ ਗਿਆਨ ਹੀ ਸਹਿਜ ਗਿਆਨ ਅਖਵਾਉਂਦਾ ਹੈ।

ਸਹਿਜ ਅਵਸਥਾ ਵਿਚ ਮਨੁਖ ਨੂੰ ਇਕ ਖਾਸ ਪ੍ਰਕਾਰ ਦਾ ਸੁਆਦ, ਲੱਜ਼ਤ ਜਾਂ ਅਨੰਦ ਮਿਲਦਾ ਹੈ। ਇਸ ਨੂੰ ਸਹਿਜੇ ਅਨੰਦ ਜਾਂ ਤੁਰੀਆ ਅਨੰਦ ਜਾਂ ਬ੍ਰਹਮ ਆਨੰਦ ਕਿਹਾ ਜਾਂਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਇਸੇ ਨੂੰ ਸਹਿਜ ਸੁੱਖ ਵੀ ਆਖਿਆ ਹੈ। ਗੁਰਬਾਣੀ ਦੇ ਸਹਿਜ ਸੁੱਖ ਵਿਚ ਅਨੰਦ-ਵਿਭੋਰ ਗੁਰਮੁਖ ਸਦਾ ਸ਼ੁਭ ਭਾਵਾਂ ਤੇ ਸੁਭਾਵਕ ਸ਼ਾਂਤੀ ਦਾ ਸੁਆਮੀ ਹੁੰਦਾ ਹੈ ਅਤੇ ਤ੍ਰਿੰਨ ਗੁਣਾਂ ਜਾਂ ਮਾਇਆ ਦੀ ਲੇਪ ਤੋਂ ਰਹਿਤ ਹੁੰਦਾ ਹੈ :

ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ।

—ਸ੍ਰੀ ਰਾਗ, ਮ. ੩

ਚੌਥੇ ਪਦ ਜਾਂ ਸਹਿਜ ਪਦ ਦੀ ਪ੍ਰਾਪਤੀ ਲਈ ਸਿੱਖ ਗੁਰੂ ਸਾਹਿਬਾਨ ਨੇ ਗੁਰੂ ਪ੍ਰਸਾਦਿ ਜਾਂ ਸਤਿਗੁਰੂ ਦੀ ਦਇਆ ਮਿਹਰ ਨੂੰ ਜ਼ਰੂਰੀ ਮੰਨਿਆ ਹੈ :

ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦ ਲਿਵ ਲਾਵਣਿਆ

—ਸ੍ਰੀ ਰਾਗ, ਮ. ੩

ਸਾਰਾ ਸੰਸਾਰ ਮਾਇਆ ਵਿਚ ਲੀਨ ਹੈ ਪਰ ਹਰਿਜਨ ਜਾਂ ਮਾਲਕ ਦੇ ਪਿਆਰੇ ਨਿਰਮਲ ਹੋਣ ਕਰਕੇ ਤੁਰੀਆ ਪਦ ਨੂੰ ਪ੍ਰਾਪਤ ਹੋਏ ਮੰਨੇ ਜਾਂਦੇ ਹਨ :

ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ।
ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ।

—ਥਿਤੀ, ਗਉੜੀ ਮ. ੫.

ਸਹਿਜ ਪਦ ਦੀ ਪ੍ਰਾਪਤੀ ਲਈ ਆਸਾ ਮਨਸਾ ਛੱਡਣੀ ਪੈਂਦੀ ਹੈ ਤੇ ਸੰਤਾਂ ਦੇ ਸਤਿਸੰਗ ਵਿਚ ਜਾਣਾ ਪੈਂਦਾ ਹੈ ਜਾਂ ਸਹਿਜ ਪਦ ਦੀ ਪ੍ਰਾਪਤੀ ਵੇਲੇ ਆਸਾ, ਮਨਸ਼ਾ ਦੀ ਪਕੜ ਢਿੱਲੀ ਪੈ ਜਾਂਦੀ ਹੈ :

ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁਗੁਣ ਆਸ ਨਿਰਾਸ ਭਈ।
ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ।

'ਸਹਿਜ' ਬਹੁਤ ਪ੍ਰਚੀਨ ਸ਼ਬਦ ਹੈ ਤੇ ਇਸ ਦਾ ਪ੍ਰਯੋਗ ਸਿੱਧਾਂ, ਨਾਥਾਂ ਤੇ ਭਾਰਤੀ ਸੰਤਾਂ ਨੇ ਅਨੇਕ ਅਤੇ ਭਿੰਨ ਭਿੰਨ ਅਰਥਾਂ ਵਿਚ ਕੀਤਾ ਹੈ। ਸਿੱਧਾਂ ਦੇ ਇਕ ਫਿਰਕੇ ਦਾ ਨਾਂ ਸਹਿਜਯਾਨ ਹੋਣਾ ਹੀ ਉਨਾਂ ਲਈ 'ਸਹਿਜ' ਸ਼ਬਦ ਦੇ ਮਹੱਤਵ ਨੂੰ ਪ੍ਰਗਟ ਕਰਦਾ ਹੈ। 'ਸਹਿਜ ਕਾਇਆ', 'ਸਹਿਜ ਅਨੰਦ' ਆਦਿ ਕਈ ਸ਼ਬਦ ਸਾਨੂੰ ਸਿੱਧ-ਕਾਵਿ ਵਿਚ ਮਿਲਦੇ ਹਨ। ਨਾਥਾਂ ਨੇ ਤਾਂ 'ਸਹਿਜ' ਨੂੰ ਪਰਮ ਤੱਤ ਦਾ ਪਰਿਆਇਵਾਚੀ ਆਖਿਆ ਹੈ। ਕਬੀਰ ਨੇ 'ਸਹਿਜ ਸਮਾਧੀ' ਦਾ ਜ਼ਿਕਰ ਕਰਦਿਆਂ 'ਸੰਤੋ ਸਹਜ ਸਮਾਧਿ ਭਲੀ' ਆਖਿਆ ਹੈ। 'ਸਹਜ ਅਵਸਥਾ' ਵਿਚ ਫੁਰਨੇ ਤੇ ਸੰਕਲਪ ਸੁਭਾਵਕ ਤੌਰ ਤੇ ਏਨੇ ਸ਼ਕਤੀਸ਼ਾਲੀ ਹੋ ਜਾਂਦੇ ਹਨ ਕਿ ਸਹਿਜ-ਸਾਧਕ ਜਿਸ ਕੰਮ ਦਾ ਫੁਰਨਾ ਕਲਪਦਾ ਹੈ ਉਹੀ ਕੰਮ ਆਪਣੇ ਆਪ ਹੋ ਜਾਂਦਾ ਹੈ। ਓਸ ਨੂੰ ਇਕ ਤਰ੍ਹਾਂ ਦੀ ਸਿੱਧੀ ਪ੍ਰਾਪਤ ਹੋ ਜਾਂਦੀ ਇਸ ਨੂੰ ਸਹਿਜ-ਸਿੱਧੀ ਆਖਦੇ ਹਨ।

(ਪੰਜਾਬੀ ਸਾਹਿਤ ਕੋਸ਼ ਵਿਚੋਂ)

—ਗ. ਸ.



Sri Satguru Jagjit Singh Ji eLibrary NamdhariElibrary@gmail.com

# ਸਤਿਗੁਰ ਦਾਤੇ

—ਜਸਵੰਤ ਸਿੰਘ ਰਾਹੀ—

ਸਤਿਗੁਰ ਦਾਤੇ
ਦੇ ਮੈਨੂੰ ਸੰਤੋਖ ਦੀਆਂ ਕੁਝ ਚੁਲੀਆਂ
ਪੀਵਾਂ ਤੇ ਤਰ ਜਾਵਾਂ ।

ਸੂਰਜ ਚੜ੍ਹਦਾ ਡੁੱਬਦਾ ਹੈ
ਅੰਬਰਾਂ ਦੇ ਮਹਾਂ-ਸਾਗਰ ਵਿਚ
ਚੰਨ ਹੈ ਵੱਧਦਾ ਘਟਦਾ
ਜੰਮਦਾ ਮਰਦਾ ਜੀਉਂਦਾ
ਤਾਰੇ ਚੜ੍ਹਦੇ ਡੁੱਬਦੇ
ਗਿਣੇ ਨਾ ਜਾਂਦੇ ।
ਸਿਮਰਨ ਦੀ ਉਹ ਮਾਲਾ
ਅਮਰ ਹੋਏ ਜੋ
ਬਖ਼ਸ਼ ਦੇ ਮੈਨੂੰ ਮੰਗਤੇ ਨੂੰ
ਜੋ ਤੇਰੇ ਦਰ ਆ ਢੱਠਾ ਹੈ ।

ਸਤਿਗੁਰ ਦਾਤੇ
ਦੇ ਮੈਨੂੰ ਸੰਤੋਖ ਦੀ ਕੁਝ ਚੁਲੀਆਂ
ਪੀਵਾਂ ਤੇ ਤਰ ਜਾਵਾਂ ।

ਨਿਜਤਾ ਦੇ ਪਿੰਜਰੇ ਚੋਂ ਕੱਢੋ
ਕੁਦਰਤ ਦੇ ਸੰਗ
ਲਿਵ ਲਾ ਦਿਉ ।
ਮੈਨੂੰ ਹਰ ਪੜਾ ਦੇ ਉੱਤੇ
ਦਰਸ਼ਨ ਹੋਣ ਤੁਹਾਡੇ
ਨੂਰਾਂ ਭਰਿਆ ਚਿਹਰਾ
ਘੁੱਪ ਹਨੇਰੇ ਅੰਦਰ ਦੇ ਸੱਭ
ਚਲਣ ਚਾਨਣ ਹੋ ਜਾਂਦੇ ਨੇ ।
ਇਕ ਧਰਵਾਸ ਰੂਹ ਮੇਰੀ ਚੋਂ
ਪੁੰਗਰ ਪੁੰਗਰ ਪੈਂਦਾ
ਸਿਮਰਨ ਮੇਰੇ ਮੱਥੇ ਉੱਤੇ
ਕੁਝ ਲਿਖ ਦੇਵੋ
ਭੈਅ ਸਾਰੇ ਮੁੱਕ ਜਾਂਦੇ

ਸਤਿਗੁਰ ਦਾਤੇ
ਦੇ ਮੈਨੂੰ ਸੰਤੋਖ ਦੀਆਂ ਕੁਝ ਚੁਲੀਆਂ
ਪੀਵਾਂ ਤੇ ਤਰ ਜਾਵਾਂ ।

ਨਾਮ ਦਾਨ ਇਸ਼ਨਾਨ
ਮੇਰੀ ਕਮਰ ਦਵਾਲੇ ਵਲਗਣ ਪਾਵਨ
ਅੰਮ੍ਰਿਤ ਵੇਲੇ
ਕੇਸਾਂ ਦੇ ਵਿਚ ਅਤਰ-ਜਲ ਦੀਆਂ
ਮਹਿਕਾਂ ਖਿੰਡਣ ।
ਅੱਖੀਆਂ ਦੇ ਵਿਚ ਦਰਸ ਤੁਹਾਡਾ
ਵਕਤ ਗੁਜ਼ਰਦੇ ਲਈ ਵੀ
ਪ੍ਰਤੱਖ ਦਿਸਦਾ ਹੈ ।
ਮੈਂ ਚਾਹਵਾਂ ਹਰ ਸਮੇਂ ਤੁਹਾਡੇ
ਚਰਨਾਂ ਦੀ ਇਕ ਧੂੜ ਦੀ ਚੁਟਕੀ
ਤਨ ਮਨ ਮੇਰੇ ਨੂੰ ਜੋ ਪਵਿੱਤਰ ਕਰ ਦਏ
ਦੂਈ ਦੀ ਤਕੜੀ ਉੱਤੋਂ ਮੈਨੂੰ
ਲਾਹ ਦਿਉ ਹੇਠਾਂ ।

ਸਤਿਗੁਰ ਦਾਤੇ
ਦੇ ਮੈਨੂੰ ਸੰਤੋਖ ਦੀਆਂ ਕੁਝ ਚੁਲੀਆਂ
ਪੀਵਾਂ ਤੇ ਤਰ ਜਾਵਾਂ ।

ਮਹਿਲ ਮੁਨਾਰੇ ਮੈਨੂੰ ਸੱਦਾ ਦਿੰਦੇ
ਮਾਇਆ ਭਾਵੇਂ ਲੱਖਾਂ ਰੰਗ ਵਟਾਏ
ਮੈਂ ਨਾ ਬਦਲਾਂ ।
ਮਾਇਕ ਭੋਗ ਤਪਸ਼ਾਂ ਦੇ ਕੰਡ
ਤਨ ਮਨ ਸਾੜਨ ।
ਨਾਸ ਤੁਹਾਡਾ ਉਹਨਾਂ ਕੋਲੋਂ ਲਏ ਬਚਾ ।
ਦੇਸ਼ ਦੀ ਮੁਕਤੀ ਦੇ ਮੱਥ ਉੱਤੇ
ਟਿੱਕਾ ਬਣ ਕੇ ਲਿਖਿਆ ਨਾਮ ਤੁਹਾਡਾ
ਮੇਰੀ ਭੁੱਖ ਦੀ ਇਕੋ ਮੰਗ ਹੈ
ਮਾਲਾ ਦਾ ਹਰ ਮਣਕਾ ਮੇਰਾ ਰੋਮ ਬਣੇ
ਕੀਰਤਨ ਦੀ ਇਕ ਲੈਅ ਵਿਚ ਭਿੱਜਾਂ
ਗ਼ਮਾਂ ਫਿਕਰਾਂ ਦੀ ਭੱਠੀ ਬਣ ਜਾਏ ।
ਜਲਾਲ ਆਪਣੇ ਦੀ ਇੱਕੋ ਚੁਟਕੀ
ਧੂੜ ਦਿਉ ਮੇਰੀ ਉਮਰ ਦੇ ਉੱਤੇ

ਸਤਿਗੁਰ ਦਾਤੇ !
ਦੇ ਮੈਨੂੰ ਸੰਤੋਖ ਦੀਆਂ ਕੁਝ ਚੁਲੀਆਂ
ਪੀਵਾਂ ਤੇ ਤਰ ਜਾਵਾਂ


Sri Satguru Jagjit Singh Ji eLibrary NamdhariElibrary@gmail.com

# ਉਦਾਸੀ ਦਾ ਆਲਮ

—ਲਖਵਿੰਦਰ ਜੌਹਲ

ਅੱਜ ਫੇਰ ਮੈਂ ਬਹੁਤ ਉਦਾਸ ਹਾਂ । ਬਹੁਤ ਹੀ ਪਰੇਸ਼ਾਨ । ਜ਼ਿੰਦਗੀ ਬਾਰੇ ਏਨਾ ਗੰਭੀਰ ਮੈਂ ਕਦੇ ਕਦੇ ਹੀ ਹੁੰਦਾ ਹਾਂ । ਮੇਰੇ ਆਲੇ ਦੁਆਲੇ ਸ਼ੋਰ ਹੈ । ਖਾੜੀ ਖੇਤਰ ਵਿਚ ਸ਼ੁਰੂ ਹੋਈ ਜੰਗ ਦਾ ਸ਼ੋਰ । ਮੇਰੇ ਮਨ ਅੰਦਰ ਸੁਲਘਦੇ ਸ਼ੋਰ ਦਾ ਸ਼ੋਰ । ਕੋਈ ਏਧਰੋਂ ਆਕੇ ਜੰਗ ਦੀ ਖ਼ਬਰ ਸੁਣਾ ਰਿਹਾ ਹੈ ਤੇ ਕੋਈ ਓਧਰੋਂ ਆ ਕੇ ਫ਼ੌਜਾਂ ਦੇ ਥੋੜ੍ਹਾ ਜਿਹਾ ਅਗੇ ਵਧਣ ਦੀ ਸੂਚਨਾ ਦੇ ਰਿਹਾ ਹੈ । ਮੈਨੂੰ ਤਾਂ ਹਮੇਸ਼ਾ ਇਹ ਜਾਪਦਾ ਹੈ ਕਿ "ਆਖ਼ਰ ਇਸ ਦੁਨੀਆ ਨੇ ਇਕ ਦਿਨ ਤਬਾਹ ਹੋਣਾ ਹੀ ਹੈ" ਮੇਰੀ ਇਹ ਸੋਚਣੀ ਸੱਚ ਹੋਣ ਜਾ ਰਹੀ ਹੈ । ਮੇਰੇ ਅੰਦਰ ਅਚੇਤ ਜਿਹਾ ਸਕੂਨ ਹੈ । ਪਰ ਸੁਚੇਤ ਰੂਪ ਵਿਚ ਮੈਂ ਜੰਗ ਦਾ ਵਿਰੋਧੀ ਹਾਂ । ਇਹ ਇਕੋ ਸਮੇਂ ਵਿਰੋਧ ਅਤੇ ਹੱਕ ਵਿਚ ਹੋਣ ਦੀ ਮੇਰੀ ਮਜਬੂਰੀ ਬਹੁਤ ਪੁਰਾਣੀ ਹੈ । ਮੇਰੀ ਸੁਰਤ ਜਿੰਨੀ ਹੀ ਪੁਰਾਣੀ । ਮੈਂ ਜਿਸ ਸਮੇਂ ਕਿਸੇ ਮਸਲੇ ਦਾ ਵਿਰੋਧ ਕਰਦਾ ਹਾਂ, ਉਸੇ ਸਮੇਂ ਅੰਦਰੋਂ ਕਿਤੇ ਉਸਦੇ ਹੱਕ ਵਿਚ ਹੁੰਦਾ ਹਾਂ ।

ਜਦੋਂ ਅਜੇ ਇਹ ਜੰਗ ਸ਼ੁਰੂ ਨਹੀਂ ਸੀ ਹੋਈ ਤਾਂ ਮੇਰੇ ਪਿਤਾ ਜੀ ਦਾ ਖਿਆਲ ਸੀ ਕਿ ਇਹ ਜੰਗ ਬਿਲਕੁਲ ਨਹੀਂ ਹੋਵੇਗੀ । ਪਰ ਮੈਂ ਸਾਂ ਕਿ ਉਹਨਾਂ ਦੀ ਇਹ ਗੱਲ ਸੁਣਨ ਲਈ ਤਿਆਰ ਨਹੀਂ ਸਾਂ । ਮੇਰੀ ਇਹ ਹਾਲਤ ਕਿਉਂ ਸੀ ? ਮੈਨੂੰ ਇਸਦਾ ਪਤਾ ਨਹੀਂ ਲਗ ਰਿਹਾ । ਸੁਦਾਮ ਹੁਸੈਨ ਦੀ ਹਠਧਰਮੀ ਬਾਰੇ ਅਰਬ ਲੋਕਾਂ ਦੇ ਚਰਿੱਤਰ ਬਾਰੇ ਤੇ ਇਰਾਕ ਦੇ ਇਤਿਹਾਸ ਬਾਰੇ, ਮੈਂ ਲੰਬੇ ਲੰਬੇ ਭਾਸ਼ਣ ਦਿੰਦਾ ਹਾਂ । ਮੇਰੇ ਦੋਸਤ ਜਦੋਂ ਇਹੋ ਭਾਸ਼ਣ ਸੁਣਦੇ ਹਨ ਤਾਂ ਇਕ ਵਾਰੀ ਤਾਂ ਅੰਦਰੋਂ ਜ਼ਰੂਰ ਡਰ ਜਾਂਦੇ ਹਨ । ਉਨ੍ਹਾਂ ਦਾ ਇਹ ਡਰ ਜਦੋਂ ਉਨ੍ਹਾਂ ਦੇ ਚਿਹਰਿਆਂ ਅਤੇ ਅੱਖਾਂ ਰਾਹੀਂ ਵਾਪਸ ਮੇਰੇ ਵੱਲ ਪਰਤਦਾ ਹੈ ਤਾਂ ਮੈਂ ਉਨ੍ਹਾਂ ਨਾਲੋਂ ਵੀ ਵਧੇਰੇ ਡਰ ਜਾਂਦਾ ਹਾਂ । ਇਹ ਡਰ ਮੈਨੂੰ ਚੁੱਪ ਕਰਾ ਦਿੰਦਾ ਹੈ । ਇਕ ਡਰਾਉਣੀ ਚੁੱਪ । ਜੰਗ ਤੋਂ ਬਾਅਦ ਫੈਲੀ ਹੋਈ ਮੁਰਦੇਹਾਣੀ ਵਰਗੀ ਚੁੱਪ । ਵਿਹੜੇ 'ਚ ਵਿਛੇ ਸੱਥਰ ਵਰਗੀ ਚੁੱਪ । ਸ਼ਮਸ਼ਾਨ ਵਰਗੀ ਚੁੱਪ । ਚੁੱਪ—ਕਿ ਜਿਸਦਾ ਕੋਈ ਨਾਂ ਨਹੀਂ, ਰੰਗ ਨਹੀਂ, ਆਕਾਰ ਨਹੀਂ, ਆਦਿ ਨਹੀਂ, ਅੰਤ ਨਹੀਂ । ਇਹ ਚੁੱਪ ਹੀ ਮੈਨੂੰ ਸਵੈ ਨਾਲ ਮਿਲਾਉਂਦੀ ਹੈ । ਇਹ ਚੁੱਪ ਹੀ ਮੇਰੀ ਦੋਸਤਾਂ ਨਾਲ ਵਾਰਤਾਲਾਪ ਕਰਾਉਂਦੀ ਹੈ । ਮੇਰੀ ਉਦਾਸੀ ਹੋਰ ਗਹਿਰੀ ਹੁੰਦੀ ਹੈ । ਉਦਾਸੀ ਦੇ ਇਸ ਆਲਮ ਦਾ ਇਕ ਸਿਰਾ ਉਹ ਯਾਦਾਂ ਹਨ, ਜਿਹੜੀਆਂ ਦੋਸਤਾਂ ਦੇ ਖ਼ਤਾਂ ਵਿਚ ਸੁਤੀਆਂ ਹੋਈਆਂ ਮੇਰੇ ਚੇਤੇ ਵਿਚ ਜਾਗਦੀਆਂ ਹਨ । ਯਾਦਾਂ ਦੀ ਨੀਂਦਰ ਅਤੇ ਯਾਦਾਂ ਦੀ ਜਾਗਣ ਦਾ ਕੋਈ ਨਾ ਕੋਈ ਸੰਬੰਧ ਮੇਰੀ ਜੰਗ-ਭਾਵਨਾ ਨਾਲ ਜੁੜਦਾ ਪ੍ਰਤੀਤ ਹੋ ਰਿਹਾ ਹੈ । ਸ਼ਾਇਦ ਇਸ ਕਰਕੇ ਕਿ ਜ਼ਿੰਦਗੀ ਦੀ ਬਾਹਰੀ ਉਥਲ ਪੁਥਲ ਦਾ ਮਾਨਸਿਕ ਉਥਲ ਪੁਥਲ ਨਾਲ ਗਹਿਰਾ ਸੰਬੰਧ ਹੁੰਦਾ ਹੈ । ਸੰਬੰਧਾਂ ਦੀ ਇਹ ਗਹਿਰਾਈ ਹੀ ਇਸਦਾ ਸੰਬੰਧ ਉਦਾਸੀ ਨਾਲ ਜੋੜਦੀ ਹੈ । ਉਦਾਸ ਮਨ ਤੇ ਕਾਹਲਾਪਨ । ਇਹ ਵੀ ਅਜੀਬ ਜਿਹਾ ਤੁਕਾਂਤ ਹੈ । ਖ਼ਤਾਂ ਵਿਚ ਸੁਤੀਆਂ ਯਾਦਾਂ ਦੇ ਚੇਤੇ ਵਿਚ ਜਾਗਣ ਵਰਗਾ ਤੁਕਾਂਤ । ਜੰਗ ਵਿਚ ਉਡਦੀਆਂ ਮਿਜ਼ਾਈਲਾਂ ਯਾਦਾਂ ਵਾਂਗ ਚਮਕਦੀਆਂ ਹਨ । ਜੰਗ ਦਾ ਸ਼ੋਰ, ਯਾਦਾਂ ਦਾ ਸ਼ੋਰ ਹੈ । ਇਹ ਸਭ ਕੁਝ ਰਲਗੱਡ ਹੋ ਰਿਹਾ ਹੈ, ਮੇਰੇ ਜ਼ਿਹਨ ਅੰਦਰ । ਭਿਆਨਕ ਯਾਦਾਂ ਤੋਂ ਡਰਿਆ ਹੋਇਆ ਆਦਮੀ ਯਾਦਾਂ ਤੋਂ ਬਚਣਾ ਚਾਹੁੰਦਾ ਹੈ । ਭਿਆਨਕ ਜ਼ਿੰਦਗੀ ਤੋਂ ਡਰਿਆ ਹੋਇਆ ਆਦਮੀ ਜ਼ਿੰਦਗੀ ਤੋਂ ਬਚਣਾ ਚਾਹੁੰਦਾ ਹੈ ਅਤੇ ਜ਼ਿੰਦਗੀ ਤੋਂ ਬਚਦਾ ਆਦਮੀ ਅਚੇਤ ਰੂਪ ਵਿਚ ਜੰਗ-ਸਮਰਥਕ ਹੈ । ਪਰ ਜੰਗ ਦੀ ਭਿਆਨਕਤਾ ਦੇ ਸਨਮੁਖ ਹੋਇਆ 'ਉਹੀ ਆਦਮੀ ਜੰਗ ਤੋਂ ਬਚਣਾ ਚਾਹੁੰਦਾ ਹੈ । ਅਜੇਹੇ ਆਦਮੀ ਦੀ ਢੋਈ ਕਿਥੇ ਹੈ ? ਇਸ ਸੁਆਲ ਦਾ ਜੁਆਬ ਕਿਥੇ ਹੈ ? ਸ਼ਾਇਦ ਕਿਤੇ ਨਹੀਂ ? ਜੇਕਰ ਕਿਤੇ ਨਹੀਂ ? ਤਾਂ ਫਿਰ ਇਸ ਉਦਾਸੀ ਦਾ ਅੰਤ ਕਿਥੇ ਹੈ ? ਸ਼ਾਇਦ ਕਿਤੇ ਨਹੀਂ ? ਜੇਕਰ ਕਿਤੇ ਨਹੀਂ ਤਾਂ ਫੇਰ ਵਿਅਕਤੀ ਦਾ ਸਵੈ ਕਿਥੇ ਹੈ ? ਸਵੈ ਦੀ ਭਾਲ ਵਿਚ ਭਟਕਦਾ ਮਨ ਕੀ ਕੀ ਸੋਚਦਾ ਹੈ, ਅਤੇ ਕਰਦਾ ਹੈ । ਪਰ ਸਵੈ ਦੀ ਭਾਲ ਆਪਣੇ ਸਵੈ ਵਿਚੋਂ ਕਰਨ ਦੀ ਬਜਾਏ ਕਦੇ ਕਦੇ ਇਸਦੀ ਹੋਂਦ ਕਿਧਰੇ ਹੋਰ ਹੀ ਮਹਿਸੂਸ ਹੋਣ ਲਗਦੀ ਹੈ । ਇਹ ਹੀ ਘੜੀ ਸਭ ਤੋਂ ਭਿਆਨਕ ਹੁੰਦੀ ਹੈ ਇਹੀ ਘੜੀ ਉਦਾਸ ਘੜੀ ਹੈ । ਉਦਾਸੀ ਦੇ ਆਲਮ ਦਾ ਇਹ ਰੂਪ ਹੀ ਸਭ ਤੋਂ ਭਿਆਨਕ ਰੂਪ ਹੈ ।

ਅੱਜ ਦੀ ਏਸ ਭਿਆਨਕ ਰੁੱਤੇ  
ਆਪਣੇ ਆਪ ਦੇ ਸਨਮੁੱਖ ਹੋਇਆ  
ਆਪੇ ਨੂੰ ਅਰਜੋਈ ਕਰਸਾਂ  
ਹੇ ਮੇਰੇ ਆਪੇ  
ਮੈਨੂੰ ਆਪਣੇ ਆਪ 'ਚ ਮੋੜ ਲਿਆਵੋ  
ਮੈਨੂੰ ਮੇਰੀਆਂ ਅੱਖਾਂ ਥਾਣੀਂ  
ਆਪਣੇ ਆਪ ਦੇ ਦਰਸ ਕਰਾਵੋ  
ਹੇ ਮੇਰੇ ਆਪੇ ।



Sri Satguru Jagjit Singh Ji eLibrary NamdhariElibrary@gmail.com

# ਹਯਾ ਦੀ ਲਕੀਰ

—ਭੁਪਿੰਦਰ ਸਿੰਘ ਆਈ. ਏ. ਐਸ.—

ਬਦਲ ਕੇ ਆਇਆਂ ਅੱਜ ਦਫਤਰ ਵਿਚ ਪਹਿਲਾ ਦਿਨ ਸੀ ਮੇਰਾ। ਵਧੀਆ ਕੁਰਸੀ, ਆਂਡੇ ਦੀ ਸ਼ਕਲ ਦਾ ਮੇਜ਼, ਮੇਜ਼ ਤੇ ਟਿਕਾਏ ਸ਼ੀਸ਼ੇ ਹੇਠ ਦੋ ਕਾਗਜ਼। ਇਕ ਤੇ ਜ਼ਰੂਰੀ ਟੈਲੀਫੂਨ ਨੰਬਰ, ਦੂਜੇ ਤੇ ਸਟਾਫ ਮੈਂਬਰਾਂ ਦੇ ਨਾਓਂ ਤੇ ਅਹੁਦੇ ਟਾਈਪ ਕੀਤੇ ਹੋਏ। ਰੇਸ਼ਮ ਸਿੰਘ ਸਟੈਨੋ।

ਚਾਰਜ ਰਿਪੋਰਟ ਤਿਆਰ ਕਰਨ ਲਈ ਮੈਂ ਸੇਵਾਦਾਰ ਨੂੰ ਕਿਹਾ, "ਸਟੈਨੋ ਨੂੰ ਬੁਲਾਓ।" ਕੁਝ ਚਿਰ ਮਗਰੋਂ ਇਕ ਲੜਕੀ ਅੰਦਰ ਆਈ। ਤੇੜ ਜੀਨ। ਗਲ ਮਰਦਾਵਾਂ ਜਿਹਾ ਸਵੈਟਰ। ਉਤੇ ਗੁਲੂਬੰਦ।

"ਰੇਸ਼ਮ ਸਿੰਘ ਨੂੰ ਬੁਲਾ ਵਈ।" ਮੈਂ ਸੇਵਾਦਾਰ ਨੂੰ ਖਰ੍ਹਵਾਂ ਜਿਹਾ ਹੁਕਮ ਚਾੜ੍ਹਿਆ।

"ਹਾਜ਼ਰ ਆਂ, ਸਰ।" ਬੜਾ ਚੁਸਤ ਉਤਰ ਸੀ।

"ਰੇਸ਼ਮ......ਸਿੰਘ......"

"ਹਾਂ ਸਰ, ਲੜਕੀਆਂ ਦੇ ਨਾਓਂ ਜੇ ਨੀਤੂ ਸਿੰਘ ਤੇ ਮਿਲਨ ਸਿੰਘ ਹੋ ਸਕਦੇ ਨੇ ਤਾਂ ਰੇਸ਼ਮ ਸਿੰਘ ਵੀ ਹੋ ਸਕਦੈ।" ਓਹਦੇ ਬੋਲਣ ਵਿਚ ਪੂਰਾ ਸਤਿਕਾਰ ਸੀ। ਸਲੀਕਾ ਸੀ। ਇਹ ਸੀ ਸਟੈਨੋ ਨਾਲ ਮੇਰੀ ਪਹਿਲੀ ਮੁਲਾਕਾਤ।

ਅਗਲੇ ਦਿਨ ਮੈਂ ਫੇਰ ਰੇਸ਼ਮ ਸਿੰਘ ਨੂੰ ਬੁਲਾਇਆ।

"ਕੁਝ ਨਿਜੀ ਕੰਮ ਨੇ। ਲੜਕੀ ਦਾ ਕਾਲਿਜ ਵਿਚ ਦਾਖਲਾ। ਬੈਂਕ ਵਿਚ ਅਕਾਊਂਟ ਖੁਲ੍ਹਾਉਣਾ ਆਦਿ। ਕਿਸੇ ਸਿਆਣੇ ਕਰਮਚਾਰੀ ਨੂੰ ਬੁਲਾਓ।"

"ਸਰ ਇਹ ਕੰਮ ਪਹਿਲਾਂ ਤੁਹਾਡੇ ਸਟੈਨੋ ਨਹੀਂ ਸੀ ਕਰਦੇ?"

"ਹਾਂ"

"ਤਾਂ ਕੀ ਇਹ ਮਾਣ ਮੈਨੂੰ ਨਹੀਂ ਮਿਲ ਸਕਦਾ?"

"ਦੂਜੇ ਦਫਤਰਾਂ ਵਿਚ ਕੰਮ ਐ। ਲੜਕੀ ਨੂੰ ਭੇਜਣਾ ਜ਼ਰਾ......"

"ਲੜਕੀ ਹੋਵੇ ਜਾਂ ਲੜਕਾ ਇਹ ਨਿਕੇ ਨਿਕੇ ਨਿਜੀ ਕੰਮ ਕਰਨ ਦਾ ਹੱਕ ਕੇਵਲ ਸਟੈਨੋ ਨੂੰ ਮਿਲਣਾ ਚਾਹੀਦਾ।" ਉਸ ਹਿਕ ਫੁਲਾ ਕੇ ਪੂਰੇ ਦਮਗਜੇ ਨਾਲ ਮਰਦਾਵੇਂ ਅੰਦਾਜ਼ ਵਿਚ ਕਿਹਾ। ਇਨੇ ਸਹਿਜੇ ਉਹ ਆਪਣਾ ਅਧਿਕਾਰ ਛੱਡਣ ਨੂੰ ਤਿਆਰ ਸੀ ਕਿਤੇ।

ਓਹ ਫਟਾ ਫਟ ਸਾਰੇ ਕੰਮ ਭੁਗਤਾ ਕੇ ਆ ਵੀ ਗਈ। ਜਿਵੇਂ ਹੈਲੀਕਾਪਟਰ ਤੇ ਗਈ ਹੋਵੇ ਉਡਕੇ।

"ਬੜੀ ਜਲਦੀ ਮੁਕਾ ਆਈ ਕੰਮ।" ਮੈਂ ਧੰਨਵਾਦ ਕੀਤਾ।

"ਹਾਂ ਸਰ, ਇਸ ਦਫਤਰ ਵਿਚ ਰਹਿੰਦਿਆਂ ਵਾਕਫੀਅਤ ਦਾ ਦਾਇਰਾ ਵੀ ਵੱਡਾ ਹੋ ਜਾਂਦੈ। ਕੁੜੀਆਂ ਨੂੰ ਖਿੜੇ ਮੂੰਹ ਨਾਂਹ ਵੀ ਕੋਈ ਨਹੀਂ ਕਰਦਾ...ਕੁਝ ਮੋਟਰ ਸਾਈਕਲ ਵੀ ਮੈਂ ਜ਼ਰਾ ਤੇਜ਼ ਚਲਾਉਂਦੀ ਆਂ।"

"ਮੋਟਰ ਸਾਈਕਲ..."

"ਹਾਂ ਸਰ, ਮੇਰੇ ਪਾਪਾ ਨੇ ਦਾਜ ਵਿਚ ਦਿਤਾ ਸੀ। ਮੇਰੀ ਖੁਸ਼ੀ ਲਈ। ਮੇਰਾ ਸ਼ੌਕ ਪਾਲਣ ਲਈ।"

"ਤੂੰ ਕੁੜੀ ਐਂ ਕਿ ਭੂਤ?"

"ਭੂਤਨੀ ਕਹੋ ਸਰ।" ਓਹ ਹਸਦੀ ਹਸਦੀ ਟੁਰ ਗਈ।

ਰੇਸ਼ਮ ਦੀ ਬੋਲ ਚਾਲ, ਰਹਿਣੀ ਬਹਿਣੀ ਤੇ ਕਾਰ ਵਿਹਾਰ ਦੇਖ ਦੇਖ ਮੈਂ ਹੈਰਾਨ ਹੁੰਦਾ। ਓਹ ਦੁਪਹਿਰ ਨੂੰ ਲੰਚ ਵੀ ਮੁੰਡਿਆਂ ਨਾਲ ਈ ਕਰਦੀ। ਆਪਣਾ ਟਿਫਨ ਭਾਵੇਂ ਖੁਲ੍ਹਾ ਹੋਵੇ ਦੂਜਿਆਂ ਦੇ ਪ੍ਰਾਉਂਠੇ ਤੇ ਸਬਜ਼ੀਆਂ ਦੀ ਖੋਹ ਖਿਚ ਕਰਨੀ ਓਹਦੇ ਲਈ ਮਾਮੂਲੀ ਗੱਲ ਸੀ। ਹੂਰਾ ਮੁੱਕੀ ਵੀ ਹੋ ਲੈਣਾਂ। ਟਿੱਚਰਾਂ ਮਖੌਲ ਸਭ ਮੁੰਡਿਆਂ ਵਾਂਗ। ਪਰ ਗਾਲੀ ਗਲੋਚ ਤੋਂ ਸੰਕੋਚ ਪੂਰਾ। ਨਾ ਓਹ ਗਾਲ ਦੁੱਪਰ ਕਿਸੇ ਨੂੰ ਕਰਦੀ ਨਾ ਓਹਦੇ ਸਾਹਮਣੇ ਕੋਈ ਬਦਕਲਾਮੀ ਕਰਦਾ। ਸੀ ਓਹ ਚੌਵੀਆਂ ਦੇ ਅੰਦਰ ਵਾਰ। ਨਾ ਪਤਲੀ ਨਾ ਭਾਰੀ। ਚੁਸਤ ਫੁਰਤ ਪੂਰੀ। ਗੱਲਾਂ ਵਿਚ ਕਿਸੇ ਨੂੰ ਵਾਰੇ ਨਾ ਆਉਣ ਦਿੰਦੀ। ਲੰਚ ਵੇਲੇ ਕਾਫੀ ਖੱਪ ਪੈਂਦੀ।

"ਜੀਨ ਤੇ ਸਵੈਟਰ ਨਾਲ ਦੁਪਟੇ ਦਾ ਕੀ ਮੇਲ ਹੋਇਆ?" ਇਕ ਦਿਨ ਇਕ ਕਰਮਚਾਰੀ ਨੇ ਉਹਨੂੰ ਕਿਹਾ।

"ਲੈ ਲਾਹ ਦਿੰਦੀ ਆਂ। ਖੁਸ਼ ਐ ਹੁਣ?" ਉਸ ਬੜੀ ਬੇਤਕੱਲਫੀ ਨਾਲ ਚੁਨੀ ਲਾਹ ਕੇ ਮੇਜ਼ ਤੇ ਧਰ ਦਿਤੀ।

"ਅਸਲ ਵਿਚ ਪਹਿਲੇ ਸਾਹਬ ਸੀ ਜ਼ਰਾ ਧਾਰਮਕ ਵਿਚਾਰਾਂ ਦੇ। ਉਨ੍ਹਾਂ ਦਾ ਵੱਸ ਚਲਦਾ ਤਾਂ ਦੁਪੱਟਾ ਲਟਕਾ ਦਿੰਦੇ ਮੇਰੇ ਸਿਰ ਤੇ। ਇਹ ਮੇਰਾ ਜ਼ੋਰ ਸਮਝ ਲਓ ਪਈ ਰਖਿਆ ਮੈਂ ਵੀ ਮੋਢਿਆਂ ਤੇ ਈ। ਚਲਾਉਣੇ ਮੋਟਰ ਸਾਈਕਲ ਤੇ ਪਹਿਨਣੇ ਦੁਪੱਟੇ।" ਓਹ ਕੁੜੀ ਦੇ ਰੂਪ ਵਿਚ ਮੁੰਡਿਆਂ ਵਾਂਗ ਬੋਲੀ।

ਅਗਲੇ ਦਿਨ ਮੈਂ ਉਹਨੂੰ ਬੁਲਾ ਕੇ ਕਿਹਾ,

"ਮੈਨੂੰ ਤੁਹਾਡੇ ਲਿਬਾਸ ਤੇ ਨਿਜੀ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ। ਮੈਨੂੰ ਤਾਂ ਕੰਮ ਚਾਹੀਦਾ ਪੂਰਾ। ਬਸ।"

ਕੰਮ ਤਾਂ ਸਰ, ਪੂਰੀ ਲਗਨ, ਮਿਹਨਤ ਤੇ ਹਿੰਮਤ ਨਾਲ ਕਰੀਦਾ। ਸਾਲਮ ਸਬੂਤ ਸਿਰੜ ਤੋਂ ਬਿਨਾਂ ਕੰਮ ਨਹੀਂ



Sri Satguru Jagjit Singh Ji eLibrary NamdhariElibrary@gmail.com

ਹੁੰਦਾ । ਕਦੀ ਤੁਹਾਨੂੰ ਸ਼ਿਕਾਇਤ ਦਾ ਮੌਕਾ ਨਹੀਂ ਮਿਲਗਾ, ਸਰ ।"

"ਅਗਲੇ ਦਿਨ ਉਹਦਾ ਹੁਲੀਆ ਹੋਰ ਬਦਲ ਗਿਆ। ਵਾਲ ਸ਼ੋਲਡਰ ਕੱਟ । ਦੁਪੱਟਾ ਵੀ ਗਾਇਬ । ਚਾਲ ਥੋਹੜੀ ਹੋਰ ਮਰਦਾਵੀਂ ।

"ਤੇਰੇ ਅੰਦਰਲੀ ਔਰਤ ਮੁਕ ਰਹੀ ਐ ਰੇਸ਼ਮ । ਜ਼ਰਾ ਸੰਭਾਲ਼ ਉਸ ਨੂੰ । ਨਜ਼ਾਕਤ, ਲਤਾਫਤ, ਹਯਾ ਤੇ ਦਯਾ ਇਸਤਰੀ ਦੇ ਗਹਿਣੇ ਹੁੰਦੇ ਨੇ । ਓਹਦੀ ਪਛਾਣ । ਇਨ੍ਹਾਂ ਤੋਂ ਲਾਂਭੇ ਜਾ ਕੇ ਔਰਤ ਔਰਤ ਨਹੀਂ ਰਹਿੰਦੀ।" ਮੈਂ ਕੋਲ ਬੁਲਾਕੇ ਓਹਨੂੰ ਸਮਝਾਇਆ ।

"ਜੀਵਨ ਜੀਉਣਾ ਸਹਿਲ ਨਹੀਂ ਐ ਸਰ । ਬਹੁਤ ਬੜਾ ਆਰਟ ਬਣਕੇ ਰਹਿ ਗਿਆ । ਇਕ ਇਕ ਦਿਹਾੜੀ ਵਿਚ ਕਈ ਕਈ ਰੂਪ । ਦਫਤਰ ਵਿਚ ਮਖੌਟਾ ਪਹਿਨ ਲੈਣਾ। ਘਰ ਜਾਕੇ ਭਾਵੇਂ ਵਗਾਹ ਮਾਰੀਏ । ਕਈ ਵਾਰ ਤਾਂ ਘਰ, ਜਾ ਕੇ ਵੀ ਆਪਣੇ ਆਪ ਦੀ ਤਲਾਸ਼...।"

"ਮੈਂ ਜਾਣਦਾਂ ਮਨੁੱਖ ਬਾਹਰੀ ਤੇ ਅੰਦਰੀ ਦੋ ਵਿਅਕਤੀਤਵ ਜੀਊਂਦਾ ਐ । ਇਹ ਸੰਘਰਸ਼ ਓਹਦੇ ਬਾਹਰ ਚਲਦਾ । ਜੋ ਅਸੀਂ ਦੇਖ ਸਕਦੇ ਆਂ, ਪੜ੍ਹ ਸਕਦੇ ਆਂ । ਮਹਿਸੂਸ ਕਰ ਸਕਦੇ ਆਂ। ਦੂਜਾ ਉਸ ਦੇ ਅੰਦਰ ਜਿਸ ਨੂੰ ਆਮ ਨਜ਼ਰਾਂ ਪੜ੍ਹ ਨਹੀਂ ਸਕਦੀਆਂ । ਪਰ ਇਸ ਦੂਹਰ ਜੀਵਨ ਨਾਲ ਜੂਝਦੇ ਵਿਅਕਤੀ ਨੂੰ ਆਪਣੇ ਆਪੇ ਦੇ ਮੂਲ ਤੱਤ ਤਾਂ ਨਹੀ ਛਡਣੇ ਚਾਹੀਦੇ ।"

ਓਹ ਕੁਝ ਕਹਿਣਾ ਚਾਹੁੰਦੀ ਸੀ । ਬੁਲ੍ਹ ਵੀ ਫਰਕੇ ਪਰ ਕਹਿ ਕੁਝ ਨਾ ਸਕੀ । ਸ਼ਾਇਦ ਮੌਕਾ ਮਹੌਲ ਅਨੁਕੂਲ ਨਹੀਂ ਸੀ । ਮੈਂ ਦੇਖਿਆ ਓਹਦੇ ਬੀਹੇਵੀਅਰ ਵਿਚ ਕੋਈ ਪ੍ਰੀਵਰਤਨ ਨਾ ਆਇਆ ।

"ਮੈਂ ਤੈਨੂੰ ਰੇਸ਼ਮਾ ਕਹਿ ਲਿਆ ਕਰਾਂ ।"

"ਤੁਸੀਂ ਹਾਕਮ ਓ ਸਰ । ਜੋ ਮਰਜ਼ੀ ਕਹੋ । ਮੈਨੂੰ ਤਾਂ ਰੇਸ਼ਮ ਸਿੰਘ ਈ ਵਧੀਆ ਲਗਦਾ । ਬਚਪਨ ਤੋਂ ਇਸ ਨਾਮ ਨਾਲ ਹੀ ਜੀਵੀ ਆਂ । ਕਿਵੇਂ ਮੁਨਕਰ ਹੋ ਜਾਵਾਂ ਹੁਣ ਇਸ ਤੋਂ ।"

ਕੁਝ ਦਿਨਾਂ ਮਗਰੋਂ ਮੈਂ ਅੱਠ ਦਸ ਚਿੱਠੀਆਂ ਦੀ ਡਿਕਟੇਸ਼ਨ ਉਸ ਨੂੰ ਦਿਤੀ ਤੇ ਕਿਹਾ ਕਿ ਤੂੰ ਟਾਈਪ ਕਰ । ਅੱਜ ਪੰਜ ਵਜੇ ਮਨਿਸਟਰ ਨੇ ਆਉਣਾ ਸਰਕਟ ਹਾਊਸ । ਕਿਸੇ ਹੋਰ ਸਟੈਨੋ ਦੀ ਡਿਊਟੀ ਮੇਰੇ ਨਾਲ ਲਾ ਦੇਣੀ । ਕਈ ਵਾਰ ਸ਼ਾਰਟ ਹੈਂਡ ਲੈਣ ਦੀ ਲੋੜ ਪੈ ਜਾਂਦੀ ਐ ।"

ਉਸ ਖੱਬੇ ਗੁੱਟ ਨਾਲ ਬੰਨ੍ਹੀ ਘੜੀ ਵੱਲ ਤੱਕ ਕੇ ਕਿਹਾ "ਸਰ ਹੁਣ ਵਜੇ ਆ ਸਵਾ ਚਾਰ । ਟਾਈਪ ਦਾ ਕੰਮ ਤਾਂ ਅੱਧੇ ਘੰਟੇ ਵਿਚ ਮੁਕ ਜਾਊ । ਕੀ ਸਰਕਟ ਹਾਊਸ ਨਾਲ ਲੈ ਜਾਣ ਦਾ ਮਾਣ ਮੈਂ ਪ੍ਰਾਪਤ ਨਹੀਂ ਕਰ ਸਕਦੀ । ਕੀ ਮੈਂ ਇਸ ਸੇਵਾ ਦੇ ਯੋਗ ਨਹੀਂ ?"

"ਗੱਲ ਯੋਗਤਾ ਦੀ ਨਹੀਂ । ਲੜਕੇ ਦਫਤਰ ਵਿਚ ਹੈ ਈ ਨੇ । ਕੁੜੀਆਂ ਨੇ ਵੇਲੇ ਸਿਰ ਘਰ..."

"ਮੈਂ ਇਕ ਬੇਨਤੀ ਕਰ ਸਕਦੀ ਆਂ ਸਰ ?"

"ਜ਼ਰੂਰ ।"

"ਸਰ, ਸਟੈਨੋ ਤੇ ਅਰਦਲੀ ਅਫਸਰ ਦਾ ਪਰਸਨਲ ਸਟਾਫ ਹੁੰਦਾ ਐ । ਇਨ੍ਹਾਂ ਨਾਲ ਭੇਦ ਭਰੀਆਂ ਗੱਲਾਂ ਵੀ ਸਾਰੀਆਂ ਕਰ ਲਈਦੀਆਂ । ਦੁਖ ਸੁਖ ਦੇ ਸਾਂਝੀ । ਨਿਕੇ ਮੋਟੇ ਨਿਜੀ ਕੰਮ ਕਰਨੇ ਵੀ ਉਨ੍ਹਾਂ ਦਾ ਦਾਇਤਵ ਹੁੰਦਾ । ਜੇਕਰ ਇਹ ਜ਼ੁਮੇਵਾਰੀਆਂ ਹੋਰ ਕਰਮਚਾਰੀ ਨਿਭਾਉਣ ਲਗ ਪਏ ਤਾਂ ਪਰਸਨਲ ਸਟਾਫ ਦੀ ਅਣਖ ਨੂੰ ਸੱਟ ਨਹੀਂ ਵਜੂ ! ਸਾਨੂੰ ਤਾਂ ਓਹ ਟਿੱਚ ਸਮਝਣਗੇ !" ਰੇਸ਼ਮ ਦੇ ਅੰਦਰੋਂ ਮਰਦਾਨਗੀ ਗਰਜੀ । ਮੈਂ ਓਹਦੀ ਦਲੀਲ ਅਗੇ ਝੁੱਕ ਗਿਆ ।

ਟਾਈਪ ਕਰਨ ਵਿਚ ਓਹਦੀ ਚੁਸਤੀ ਬੇਜੋੜ ਸੀ । ਪਰ ਅੱਜ ਪਤਾ ਨਹੀਂ ਓਹਦੀ ਮਸ਼ੀਨ ਨੂੰ ਭੰਬੀਰੀਆਂ ਲਗ ਗਈਆਂ । ਅੱਧੇ ਘੰਟੇ ਦਾ ਕੰਮ ਉਸ ਵੀਹ ਮਿੰਟ ਵਿਚ ਹੀ ਖਤਮ ਕਰ ਲਿਆ ।

"ਬੜੀ ਤੇਜ਼ੀ ਦਖਾਈ ਰੇਸ਼ਮਾਂ ।"

"ਜੀ ਹਾਂ, ਸਰ । ਬੰਦੇ ਨੂੰ ਕੰਮ ਦਾ ਕਾਰਿੰਦਾ ਹੋਣਾ ਚਾਹੀਦਾ । ਇਸੇ ਵਿਚ ਇਜ਼ਤ ਮਾਣ ਮਰਿਆਦਾ ਛੁਪੀ ਏ । ਨਾਲੇ ਅਸੀਂ ਸਟੈਨੋ ਤਾਂ ਸਰ, ਦਸਾਂ ਨੌਹਾਂ ਦੀ ਕਿਰਤ ਖਾਂਦੇ ਆਂ" ਉਸ ਆਪਣੀਆਂ ਦਸੇ ਉਂਗਲਾਂ ਮੇਰੇ ਸਾਹਮਣੇ ਨਚਾ ਦਿਤੀਆਂ ।

ਸਰਕਟ ਹਾਊਸ ਦੇ ਲਾਂਜ ਵਿਚ ਬੈਠਿਆਂ ਮੈਨੂੰ ਪੰਜ ਮਿੰਟ ਈ ਹੋਏ ਸਨ ਕਿ ਰੇਸ਼ਮ ਅੰਦਰ ਆਈ । "ਸਰ ਵਾਇਰਲੈਸ ਤੇ ਮੈਸੇਜ ਆਇਆ ਕਿ ਮੰਤਰੀ ਜੀ ਪੌਣਾ ਘੰਟਾ ਲੇਟ ਪੁੱਜਣਗੇ । ਇਨਾਂ ਸਮਾਂ ਤਾਂ ਖੇਠਣਾ ਈ ਪਊ । ਮੈਂ ਕਿਚਨ ਵਿਚ ਤੁਹਾਡੇ ਲਈ ਚਾਹ ਦਾ ਕੱਪ ਕਹਿ ਆਇਆਂ ।"

"ਕਹਿ ਆਇਆਂ ਦਾ ਕੀ ਮਤਲਬ..." ਮੈਂ ਤ੍ਰਬਕ ਕੇ ਪੁਛਿਆ ।

ਸਰ, ਗਲ ਮੈਂ ਉਸ ਦਿਨ ਵੀ ਦੱਸਣ ਲਗੀ ਸਾਂ ਕਿ ਮੇਰੀਆਂ ਨੇ ਤਿੰਨ ਵੱਡੀਆਂ ਭੈਣਾਂ । ਸਾਰੀਆਂ ਇਸਤਰੀਆਂ ਵਾਂਗ ਮੇਰੀ ਮਾਂ ਨੂੰ ਵੀ ਪੁੱਤਰ ਦੀ ਤਮੰਨਾ ਸੀ । ਕਈ ਕੁਛ ਉਸ ਕੀਤਾ ਕਰਾਇਆ । ਪਰ ਕੁਦਰਤ ਨੂੰ ਜੋ ਮਨਜ਼ੂਰ । ਓਹਦੀ ਇਛਾ ਨੂੰ ਕੋਈ ਟਾਲ ਨਹੀਂ ਸਕਦਾ । ਜਮ ਪਈ ਮੈਂ । ਮੇਰੀ ਮਾਂ ਨੇ ਮੇਰੇ ਈ ਮੁੰਡਿਆਂ ਵਰਗੇ ਕਪੜੇ ਪਾ ਦਿਤੇ ਤੇ ਕਹਿਣ ਲੱਗ ਪਈ ਇਹ ਸਾਡਾ ਕਾਕਾ ਐ । ਖਾਸੀ ਦੇਰ ਮੇਰੀ ਸੱਦ ਪੁਛ ਇਸੇ ਨਾਂ ਨਾਲ ਹੁੰਦੀ ਰਹੀ । ਆਪਣੀ ਮਾਂ



Sri Satguru Jagjit Singh Ji eLibrary NamdhariElibrary@gmail.com

ਦਾ ਦਿਲ ਰੱਖਣ ਲਈ ਤੇ ਓਹਦੀ ਮਿਰਗ ਤ੍ਰਿਸ਼ਨਾ ਦੀ ਹਿਸੇਦਾਰ ਬਨਣ ਲਈ ਮੈਂ ਮੁੰਡਿਆਂ ਵਾਂਗ ਬੋਲਦੀ ਰਹੀ। ਹੁਣ ਵੀ ਕਦੀ ਕਦੀ ਇੰਜ ਬੋਲਿਆ ਜਾਂਦਾ।"

"ਹੂੰ।" ਚਾਹ ਦੀ ਚੁਸਕੀ ਭਰਦਿਆਂ ਮੈਂ ਹੁੰਗਾਰਾ ਦਿਤਾ। ਜਿਵੇਂ ਓਹਦੀ ਕਹਾਣੀ ਅਜੇ ਮੁੱਕੀ ਨਾ ਹੋਵੇ।

"ਜਦੋਂ ਇਕ ਔਰਤ ਦੇ ਅੰਦਰੋਂ ਇਕ ਔਰਤ ਖ਼ਤਮ ਹੋ ਰਹੀ ਹੋਵੇ ਤਾਂ ਇਕ ਖੋਖਲਾਪਨ ਤਾਂ ਜ਼ਰੂਰ ਮਹਿਸੂਸ ਕਰਦੀ ਹੋਵੇਂਗੀ। ਇਕ ਖੁਲਾਅ ਜਿਹਾ। ਇਕ ਸੁੰਨ ਜਹੀ।"

"ਨਹੀਂ। ਜਦੋਂ ਮੈਂ ਆਪਣੇ ਪਤੀ ਨਾਲ ਹੋਵਾਂ ਮੈਂ ਪੂਰੀ ਦੀ ਪੂਰੀ ਇਸਤਰੀ ਹੁੰਦੀ ਆਂ। ਇਕ ਕਰਮਚਾਰੀ ਦੇ ਅੱਖਰ ਮਿਟ ਜਾਣ ਤਾਂ ਇਸਤਰੀਅਤ ਦੇ ਸਾਰੇ ਗੁਣ ਉਘੜ ਆਉਂਦੇ ਨੇ।"

ਚਾਹ ਮੁਕ ਗਈ। ਖਾਲੀ ਕੱਪ ਮੈਂ ਮੇਜ਼ ਤੇ ਟਿਕਾਉਂਦਿਆਂ ਤੇ ਘੜੀ ਵੱਲ ਦੇਖਦਿਆਂ ਕਿਹਾ "ਲੇਟ ਹੋ ਗਈ ਤੂੰ। ਤੇਰੇ ਘਰ ਦੇ ਵੀ ਪੁੱਛ ਦੱਸ ਕਰਨਗੇ।"

"ਮੈਂ ਲੇਟ ਹੋ ਜਾਵਾਂ ਭਾਵੇਂ, ਮੇਰਾ ਪਤੀ ਕਦੀ ਨਹੀਂ ਪੁਛਦਾ। ਮੈਂ ਦਿਲੋਂ ਚਾਹੁੰਦੀ ਆਂ, ਮੈਂ ਦੇਰ ਨਾਲ ਆਵਾਂ ਤਾਂ ਮੇਰੀ ਜਵਾਬਤਲਬੀ ਹੋਵੇ ਪਰ ਰੋਕਣਾ ਟੋਕਣਾ ਉਸ ਛੱਡ ਹੀ ਦਿਤਾ ਕਿਉਂਕਿ ਉਹਦੇ ਅੰਦਰ ਦਾ ਮਰਦ ਨਿਰਬਲ ਹੁੰਦਾ ਜਾ ਰਿਹਾ।"

"ਓਹਨੂੰ ਕਰਮਚਾਰੀਆਂ ਦੀਆਂ ਜੁਮੇਵਾਰੀਆਂ ਦਾ ਅਹਿਸਾਸ ਹੈ। ਇਹ ਤਾਂ ਸਗੋਂ ਓਹਦੀ ਉਦਾਰਤਾ ਹੋਈ।"

"ਸਵੇਰੇ ਮੂੰਹ ਝਾਖਰੇ ਜਦੋਂ ਓਹ ਆਪ ਚਾਹ ਬਣਾ ਕੇ ਮੇਰੇ ਸੁਤਉਣੀਦਰੀ ਜਹੀ ਦੇ ਸਿਰ ਤੇ ਵਾਲਾਂ ਨੂੰ ਪਲੋਸਦਾ ਹੋਇਆ ਕਹਿੰਦਾ ਹੈ, ਉਠ ਰੇਸ਼ਮਾਂ, ਦਿਨ ਚੜ੍ਹ ਆਇਆ ਚਾਹ ਪੀ ਉਠ ਕੇ। ਤਾਂ ਮੇਰੇ ਸੱਟ ਜਹੀ ਵਜਦੀ ਐ। ਰਸੋਈ ਦਾ ਕੰਮ ਤੀਮੀਆਂ ਮਾਨੀਆਂ ਦਾ ਹੈ। ਉਹ ਮੈਤੋਂ ਕਿਓਂ ਆਪਣੇ ਅਧਿਕਾਰਾਂ ਦੀ ਮੰਗ ਨਹੀਂ ਕਰਦਾ। ਕਿਥੇ ਛੁੱਪ ਗਿਆ ਉਹਦੇ ਅੰਦਰਲਾ ਮਨੁੱਖ?"

"ਜਦੋਂ ਦੋਨੋਂ ਜੀ ਕਮਾਉਂਦੇ ਹੋਣ ਤਾਂ ਕੰਮਾਂ ਕਾਰਾਂ ਵਿਚ ਹੱਥ ਵਟਾਉਣਾ ਕੁਦਰਤੀ ਜਹੀ ਗੱਲ ਐ।"

"ਜਦੋਂ ਇਕ ਅਫਸਰ ਨੇ ਓਹਦੇ ਸਾਹਮਣੇ ਮੇਰੀ ਪਿੱਠ ਤੇ ਹੱਥ ਫੇਰਿਆ। ਓਹ ਚੁੱਪ ਰਿਹਾ......ਕਿਥੇ ਗਈ ਸੀ ਓਹਦੀ ਮਰਦਾਨਗੀ ਉਦੋਂ......" ਰੇਸ਼ਮਾ ਹਫ ਗਈ।

"ਪੱਛਮੀ ਹਵਾਵਾਂ ਵਿਚ ਵਿਚਰਦੇ ਸਮਾਜ ਵਿਚ ਇਹ ਸਭ ਚਲਦੈ। ਸਧਾਰਨ ਜਹੀ ਗੱਲ ਹੈ ਇਹ ਤਾਂ।"

"ਕਦੀ ਕਿਸੇ ਸਬਜ਼ੀ ਵਿਚ ਨਮਕ ਘੱਟ ਹੋਵੇ ਕਿਸੇ ਵਿਚ ਮਿਰਚ ਵੱਧ ਹੋਵੇ ਓਹਦੀ ਸਿਹਤ ਤੇ ਅਸਰ ਈ ਕੋਈ ਨਹੀਂ ਕਿਸੇ ਗੱਲ ਤੋਂ ਘੂਰ ਘਪ ਕਰਦਾ ਈ ਨਹੀਂ।" ਮੇਰੀ ਹਰ ਦਲੀਲ ਚਿੰਦੇ ਘੜੇ ਤੇ ਪਾਣੀ ਵਾਂਗ ਬੇਅਸਰ ਸੀ।

"ਕੀ ਕਰਦਾ ਐ ਤੇਰਾ ਪਤੀ?"

"ਮਾਸਟਰ ਹੈ ਜੀ ਸਕੂਲ ਵਿਚ।"

"ਹਾਂ, ਤੇ ਫੇਰ ਇਹ ਗੱਲ ਹੋਈ ਨਾ। ਅਸਲ ਵਿਚ ਓਹ ਮਾਰ ਕੁਟਾਈ ਤੇ ਡਾਂਟ ਡਪਟਾਈ ਦਾ ਝੱਸ ਸਕੂਲ ਵਿਚ ਈ ਪੂਰਾ ਕਰ ਆਉਂਦਾ। ਸਗਵੇਂ ਦਾ ਸਗਵਾਂ ਮਨੁੱਖ ਓਹਦੇ ਵਿਚ ਜੀਊਂਦਾ ਐ ਬਲਵਾਨ ਹੋ ਰਿਹੈ।"

ਰੇਸ਼ਮ ਰੱਜ ਕੇ ਮੁਸਕਰਾਈ। ਫੇਰ ਅੱਖਾਂ ਨੀਵੀਆਂ ਕਰ ਲਈਆਂ। ਓਹਦੇ ਚਿਹਰੇ ਤੇ ਹਯਾ ਦੀ ਲਕੀਰ ਸਾਫ ਪੜ੍ਹੀ ਜਾਂਦੀ।


ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

**ਨਿਊ ਟਿੰਬਰ ਮਾਰਕਿਟ,**
**ਅਕਿਹਰੀ ਪੁਲੀ, ਜਲੰਧਰ।**



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
Specialists in :
Sugar Mill Spare, Solvent Plant Spares, Textile Mill Spares & Distillery Spares

**Saggu Iron Industries**

**Old Railway Road,**
**JALANDHAR CITY.**
Phone : Office & Resi. 58795
Partner : S. Puran Singh Saggu





Sri Satguru Jagjit Singh Ji eLibrary NamdhariElibrary@gmail.com

# ਮੌਤ

—ਸੁਰਜੀਤ ਖੁਰਸ਼ੀਦੀ—

ਮੌਤ ਦੀ ਪਰਛਾਈਂ ਹੀ ਪਰਛਾਈਂ ਦਿਸੇ
ਜਿਉਂ ਕੋਈ ਤਿਤਲੀ ਉਡੇ
ਫਿਜ਼ਾ 'ਚੋਂ ਸ਼ਬਨਮ ਕਿਰੇ
ਜ਼ਿੰਦਗੀ ਜਿਉਂ ਸਾਹ ਲਵੇ
ਜਿਉਂ ਰਾਤ ਨੂੰ ਹਨ੍ਹੇਰਾ ਕਿਰੇ
ਮੌਤ ਇੰਝ ਉੱਡਦੀ ਫਿਰੇ
ਅਛੋਪਲੇ ਹੀ ਡੱਕ ਲੈਂਦੀ
ਜਿਉਂ ਕੋਈ ਖੇਡ ਕਰੇ
ਆਪ ਨਾ ਦਿਸਦੀ ਕਿਤੇ
ਪਰਛਾਈਂ ਹੀ ਪਰਛਾਈਂ ਦਿਸੇ
ਜ਼ਿੰਦਗੀ ਨੂੰ ਬਖ਼ਸ਼ਦੀ ਤਾ ਬੰਦਗੀ
ਦੂਰ ਕਰਦੀ ਹਰ ਤਰ੍ਹਾਂ ਦੀ ਮਾਂਦਗੀ
ਜ਼ਿੰਦਗੀ ਵੀ ਮੌਤ ਹੀ ਤੋਂ ਜਨਮਦੀ
ਫੇਰ ਇਹ ਜ਼ਿੰਦਗੀ ਕਿਉਂ ਮੌਤ ਤੋਂ
ਹੈ ਥਰ ਥਰਾਂਦੀ ਕੰਬਦੀ ?
ਤੁਖ਼ਮ ਦੀ ਜੋ ਮੌਤ ਹੈ
ਉਹੀ ਕਿਸੇ ਦੀ ਜ਼ਿੰਦਗੀ
ਜ਼ਿੰਦਗੀ ਜੋ ਹੈ ਕਿਤੇ ਵੀ
ਅਵੱਸ਼ ਉਸਦੀ ਮੌਤ ਹੈ
ਇਕ ਮਹਾਨ-ਅੰਡ ਦੀ
ਮੌਤ ਹੋਈ ਸੀ ਕਦੇ
ਉਹੋ ਮੌਤ ਇਸ ਸ੍ਰਿਸ਼ਟੀ ਦੀ
ਬਣੀ ਹੈ ਜ਼ਿੰਦਗੀ
ਇਸ ਤਰ੍ਹਾਂ ਸੀ ਮੌਤ ਤੋਂ,
ਜ਼ਿੰਦਗੀ ਜਨਮੀ ਕਦੇ
ਉਦੋਂ ਤੋਂ ਹੀ ਚੱਲ ਰਹੀ
ਲੀਲਾ ਹੈ ਇਹ
ਉਦੋਂ ਤੋਂ ਹੀ ਸ੍ਰਿਸ਼ਟੀ ਦੇ
ਹਰ ਅਣੂ ਦੀ, ਹਰ ਗ੍ਰਹਿ ਦੀ
ਮੌਤ ਦੇ ਹੱਥ ਡੋਰ ਹੈ
ਜਨਮ ਦੇਂਦੀ, ਮਾਰਦੀ, ਸੁਆਰਦੀ
ਸਾਰੀ ਸ੍ਰਿਸ਼ਟੀ ਤੇ ਹੈ ਬਹੁਕਰ ਮਾਰਦੀ
ਬ੍ਰਹਮਾ, ਵਿਸ਼ਨੂੰ, ਮਹੇਸ਼
ਕੋਈ ਨਾ ਰਹਿਣਾ ਹਮੇਸ਼
ਹਰ ਕਿਸੇ ਦੀ ਮੌਤ, ਹੋਣੀ ਇੱਕ ਅੱਟਲ
ਸਾਰੀ ਸ੍ਰਿਸ਼ਟੀ ਤੇ ਬਣੀ ਹੈ ਚੱਲੋ ਚੱਲ
ਕਾਲ ਤੱਕ ਨੇ ਪਰ ਜਾਣਾ ਹੈ ਕਦੇ
ਫੇਰ ਉਹੋ ਮਹਾਨ-ਅੰਡ ਬਣ ਜਾਣਾ ਹੈ ਕਦੇ
ਮੌਤ—ਬੱਸ ਕੁਝ ਪੱਲ ਹੀ ਸਸਤਾਏਗੀ
ਫੇਰ ਆਪਣੇ ਅਜ਼ਲੀ ਕਿੱਤੇ
ਆਪ ਹੀ ਲੱਗ ਜਾਏਗੀ
ਬਸ ਇਕ ਮੌਤ ਹੈ
ਜੋ ਨਾਹ ਮਰਦੀ ਕਦੇ
ਨਾਹ ਹੀ ਇਹ ਹੈ ਜਨਮਦੀ
ਮੌਤ ਹੈ ਪਰਿਵਰਤਨ ਦਾ ਨਾਂ
ਜੋ ਕਦੇ ਮਰਦਾ ਹੀ ਨਾਹ
ਮੌਤ ਹੈ ਪਰਿਵਰਤਨ ਦਾ ਨਾਂ।

# ਗ਼ਜ਼ਲ

—ਹਰਜੀਤ ਢਿੱਲੋਂ

ਬਹੁਤ ਬੇਰਹਿਮ ਨੇ ਜੋ ਬਲਦੀ ਉੱਤੇ ਤੇਲ ਪਾਉਂਦੇ ਨੇ।
ਤਮਾਸ਼ਾ ਖ਼ੁਦ ਵੀ ਬਣ ਜਾਂਦੇ ਤਮਾਸ਼ਾ ਜੋ ਬਣਾਉਂਦੇ ਨੇ।

ਵਲੱਖਣ ਹੈ ਇਹ ਰਿਸ਼ਤਾ ਨਾਮ ਇਸਨੂੰ ਕੀ ਭਲਾ ਦੇਵਾਂ
ਹਵਾ ਵਿੱਚੋਂ ਉਹ ਬਣ ਤਸਵੀਰ ਜਦ ਵੀ ਮੁਸਕਰਾਉਂਦੇ ਨੇ।

ਸੁਭਾਅ ਮੇਰਾ ਹੈ ਅੱਖਾਂ 'ਚੋਂ ਹੀ ਮੈਂ ਹਰ ਬਾਤ ਪੜ੍ਹ ਲੈਨਾਂ
ਸੁਭਾਅ ਉਹਨਾਂ ਦਾ ਕਿ ਹਰ ਬਾਤ ਉਹ ਮੈਥੋਂ ਛੁਪਾਉਂਦੇ ਨੇ।

ਭਲਾ ਦੀਵਾਰ ਉਹ ਕਿਹੜੀ ਹੈ ਜਿਸਨੂੰ ਕੰਨ ਨਹੀਂ ਹੁੰਦੇ
ਅਸੀਂ ਤਾਂ ਦਿਲ 'ਚ ਹੀ ਸੋਚੀ ਜੁ ਲੋਕੀਂ ਕਹਿ ਸੁਣਾਉਂਦੇ ਨੇ।

ਹਨ੍ਹੇਰਾ ਵੀ ਅਜਬ ਸ਼ੀਸ਼ੈ ਕਦੇ ਗਹੁ ਨਾਲ ਜੇ ਵੇਖਾਂ,
ਨਜ਼ਰ ਮੈਨੂੰ ਮਿਰੇ ਅਪਣੇ ਹੀ ਕਿੰਨੇ ਰੂਪ ਆਉਂਦੇ ਨੇ।

ਮਿਰੇ ਦੁਸ਼ਮਣ ਦੀ ਅੱਥਰ ਵੀ ਮਿਰੇ ਤੋਂ ਵੇਖ ਨਹੀਂ ਹੁੰਦੀ
ਮਿਰੇ ਸਿਰ ਉਹ ਕਲੱਕੜ ਹੋਣ ਦਾ ਇਲਜ਼ਾਮ ਲਾਉਂਦੇ ਨੇ।

ਹਨ੍ਹੇਰੀ ਰੋਜ਼ ਢਾਹ ਜਾਂਦੀ ਕਿਹਾ ਬੇਦਰਦ ਹੈ ਮੌਸਮ
ਪਰਿੰਦੇ ਰੋਜ਼ 'ਢਿੱਲੋਂ' ਆਲ੍ਹਣਾ ਅਪਣਾ ਬਣਾਉਂਦੇ ਨੇ।



Sri Satguru Jagjit Singh Ji eLibrary NamdhariElibrary@gmail.com

# ਦਸਤੂਰ

—ਡਾ. ਹਰਨੇਕ ਸਿੰਘ ਕੋਮਲ—

ਨਵੇਂ ਮਿਜ਼ਾਜ ਦੀ
ਇਸ ਨਗਰੀ ਦਾ
ਕੁਝ ਵਖਰਾ ਦਸਤੂਰ ਹੈ ਯਾਰੋ
ਨਗਰੀ ਦੇ ਕੁਝ ਵਾਸੀ
ਜਦ ਮਿਲਦੇ ਹਨ
ਮਿੱਤਰਤਾ ਦਾ ਲੇਬਲ ਲਾ ਕੇ
ਹੋਠਾਂ ਉਤੇ ਚਾਂਦੀ ਵਰਗੀ
ਮੁਸਕਰਾਹਟ ਦਾ ਫੇਰ ਮੁਲੰਮਾ
ਬੋਲਾਂ ਦੇ ਵਿਚ ਮਿਸ਼ਰੀ ਘੋਲਣ।

ਇਕ ਵਾਰ ਤਾਂ
ਨਿਰਛਲ ਭੋਲਾ-ਭਾਲਾ ਬੰਦਾ
ਕੂਲੀਆਂ ਰੇਸ਼ਮ ਤੰਦਾਂ ਦੇ ਵਿਚ
ਸਾਰੇ ਦਾ ਸਾਰਾ ਬੱਲ ਜਾਵੇ
ਪਰ ਜਦ ਮੌਕਾ ਮਿਲਦਾ
ਨਵੇਂ ਮਿਜ਼ਾਜ ਦੀ
ਨਗਰੀ ਦੇ ਇਹ ਵਾਸੀ
ਅੰਦਰ-ਖਾਤੇ ਛੁਰੀ ਚਲਾਵਨ
ਗੁੱਝੀ ਕੋਈ ਨਸ਼ਤਰ ਫੇਰਨ
ਪਰ ਮਿਤਰਤਾ ਦਾ ਲੇਬਲ
ਉਸੇ ਤਰ੍ਹਾਂ ਚਿਪਕਾਈ ਰੱਖਣ।
ਇਸ ਲੇਬਲ ਦੇ ਹੇਠਾਂ
ਆਪਣਾ ਆਪ ਲੁਕਾਈ ਰੱਖਣ।

ਹੰਸਾਂ ਵਰਗੇ ਉਜਲੇ ਬਣ ਕੇ
ਨਵੇਂ ਮਿਜ਼ਾਜ ਦੀ ਇਸ ਨਗਰੀ ਵਿਚ
ਥਾਂ ਥਾਂ ਵਸਦੇ ਕਪਟੀ ਬਗਲੇ।

ਨਵੇਂ ਮਿਜ਼ਾਜ ਦੀ ਇਸ ਨਗਰੀ ਦਾ
ਇਹੋ ਹੀ ਦਸਤੂਰ ਹੈ ਸ਼ਾਇਦ
ਕਦੇ ਕਦੇ ਤਾਂ
ਜੀਅ ਕਰਦਾ ਹੈ
ਨਗਰੀ ਦੇ ਕੁਝ ਲੋਕਾਂ ਤਾਈਂ
ਇਕ ਚੁਰਸਤੇ ਤੇ ਕਰ ਕੱਠੇ
ਲਾਹ ਮਖੌਟੇ
ਹਰ ਇਕ ਦਾ ਜੋ ਅਸਲੀ ਚਿਹਰਾ
ਕਰ ਦੇਵਾਂ ਮੈਂ ਸਾਰਾ ਨੰਗਾ।

ਜਾਂ ਫਿਰ
ਉਨ੍ਹਾਂ ਵਰਗਾ ਪਹਿਨ ਮਖੌਟਾ
ਨਗਰੀ ਦੇ ਦਸਤੂਰ ਦੇ ਅੰਦਰ
ਮੇਟ ਦਿਆਂ ਮੈਂ ਅਪਣੀ ਹਸਤੀ।

—ਗਲੀ ਵਿਕਾਸ ਪਬਲਿਕ ਸਕੂਲ
ਮਲੋਟ-੧੫੨੧੦੭

## ਰੁਬਾਈਆਂ

੧. ਹੇ ਬੰਦੇ! ਤੂੰ ਬੰਦਾ ਬਣ ਜਾ
ਛੱਡ ਦੇ ਲੜਨਾ ਭਿੜਨਾ।
ਸੂੰ ਸੂੰ, ਫੂੰ ਫੂੰ ਕਰਨੀ ਛੱਡ ਦੇ,
ਛੱਡ ਹੰਗਤਾ ਵਿਚ ਤਿੜਨਾ।
ਆ ਵੇਲਾ ਈ, ਸੰਭਲ ਹੁਣ ਵੀ
ਬਣ ਜਾ ਤੂੰ ਲੋਕਾਂ ਦਾ
ਸਮਝੇਂ, ਸੱਭ ਨੂੰ ਮਾਂ-ਜਾਏ ਤਾਂ
'ਪ੍ਰੀਤਮ' ਦਾ ਮਨ ਖਿੜਨਾ।

੨. ਜਿਸ ਨੂੰ ਪੈਰ ਦੀ ਜੁੱਤੀ ਕਹਿ ਕੇ
ਸਦੀਆਂ ਤੱਕ ਠੁਕਰਾਇਆ।
ਧਰਮ ਦੇ ਠੇਕੇਦਾਰਾਂ ਵੀ ਨਾ,
ਉਸ ਦਾ ਹੱਕ ਦਿਵਾਇਆ।
ਹਰ ਥਾਂ ਉਸ ਤੇ ਕਹਿਰ ਕਮਾਏ,
ਸ਼ਰਮ ਦੀ ਲਾਹਕੇ ਲੋਈ।
ਸ਼ਕਤੀ-ਗਿਆਨ ਹੋਇਆ ਜਾਂ ਉਸਨੂੰ
ਸਭ ਤੇ ਰੋਅਬ ਜਮਾਇਆ।

੩. ਆ ਹਵਾ! ਤੂੰ ਲੈ ਜਾ ਮੈਥੋਂ
ਕਵਿਤਾ ਰੂਪੀ ਪਾਣੀ।
ਜਾ ਵੱਸੀਂ ਤੂੰ ਉਹਨਾਂ ਉੱਤੇ,
ਜੋ ਭਠ ਤਪਣ ਪ੍ਰਾਣੀ।
ਜਿਹੜੇ ਚਾਹੁਣ ਜੰਗ-ਜਿੱਨ ਨੂੰ
ਮਾਰੂ ਕੱਢਣ ਕਾਢਾਂ।
ਸ਼ਾਂਤ ਕਰਾ ਆਖੀਂ ਹੇ ਬੰਦੇ,
ਆਪਣਾ ਆਪ ਪਛਾਣੀ।

੪. ਇਹ ਵਿਤਕਰਾ ਕਿਉਂ?
ਇਕ ਪਾਸੇ ਖੰਡ ਘਿਉ ਨਾ ਭਾਵੇ,
ਇਕ ਪਾਸੇ ਸੁਕੇ ਟੁਕਰ ਚਬਾਵੇ।
ਇਕ ਦਰ ਗੱਦੇ ਪਲੰਘ ਨਿਵਾਰੀ,
ਇਕ ਦਰ ਧਰਤੀ ਵੀ ਨਾ ਭਾਵੇ।
ਮਹਿਲ ਮਾੜੀਆਂ ਓਧਰ ਦਿੱਸਣ,
ਏਧਰ ਕੁਲੀਆਂ ਨੇ ਅਧ-ਬਣੀਆਂ।
ਕੀ ਇਹ ਕਦਰ ਬੰਦੇ ਦੀ ਲੋਕੋ?
ਜੋ ਅਸ਼ਰਫੂਲ ਮਖਲੂਕ ਕਹਾਵੇ।

ਸੁਖਦੇਵ ਸਿੰਘ ਪ੍ਰੀਤਮ
ਲੁਧਿਆਣਾ


Sri Satguru Jagjit Singh Ji eLibrary NamdhariElibrary@gmail.com

# ਰਾਜੇ ਕੀ ਸਨ ਕਰਦੇ

ਮੂਲ—**ਤਾਲਸਤਾਏ**

(ਵਾਲਗਾ ਖੇਤ੍ਰ ਵਿਚ ਪਰਚਲਤ ਇਕ ਪੁਰਾਣੀ ਲੋਕ-ਕਥਾ)

ਪੰਜਾਬੀ ਰੂਪ—**ਸੁਰਜੀਤ ਖੁਰਸ਼ੀਦੀ**

ਏਮੇਲਯਾਨ ਇਕ ਕੰਮੀ ਸੀ ਅਤੇ ਕਿਸੇ ਦੇ ਪਾਸ ਕੰਮ ਕਰਿਆ ਕਰਦਾ ਸੀ। ਇਕ ਦਿਨ ਕੰਮ ਤੇ ਜਾਂਦਿਆਂ ਉਹ ਇਕ ਡੱਡੂ ਤੇ ਪੈਰ ਹੀ ਰੱਖ ਦੇਣ ਵਾਲਾ ਸੀ ਕਿ ਉਹ ਛੜੱਪਾ ਮਾਰ ਕੇ ਉਸ ਦੇ ਸਾਹਮਣੇ ਆ ਗਿਆ, ਪਰ ਉਹ ਉਸ ਤੋਂ ਪਾਸਾ ਵੱਟਕੇ ਨਿਕਲ ਗਿਆ। ਅਚਾਨਕ ਉਸ ਜਾਤਾ ਕਿ ਮਗਰੋਂ ਕੋਈ ਉਸ ਨੂੰ ਬੁਲਾ ਰਿਹਾ ਹੈ।

ਐਮੇਲੀਯਨ ਨੇ ਗ਼ੌਰ ਨਾਲ ਦੇਖਿਆ ਤਾਂ ਇਕ ਸੁੰਦਰ ਕੁੜੀ ਦਿਖਾਈ ਦਿੱਤੀ, ਜਿਸਨੇ ਉਸਨੂੰ ਕਿਹਾ, ਐਮੇਲ ਤੂੰ ਵਿਆਹ ਕਿਉਂ ਨਹੀਂ ਕਰਵਾ ਲੈਂਦਾ ?"

"ਕੁੜੀਏ, ਭਲਾ ਮੇਰਾ ਵਿਆਹ ਕਿੰਝ ਹੋ ਸਕਦਾ ਹੈ ? ਮੇਰੇ ਪਾਸ ਤਾਂ ਤਨ ਦੇ ਏਹਨਾਂ ਕਪੜਿਆਂ ਤੋਂ ਸਿਵਾ ਹੋਰ ਕੁਝ ਵੀ ਨਹੀਂ ਹੈ, ਭਲਾਂ ਮੇਰੇ ਨਾਲ ਕੇਹੜੀ ਕੁੜੀ ਵਿਆਹ ਕਰਵਾਏਗੀ ?"

"ਮੇਰੇ ਨਾਲ ਕਰ ਲੈ ਵਿਆਹ।" ਉਸ ਕੁੜੀ ਨੇ ਕਿਹਾ।

ਐਮੇਲੀਯਨ ਨੂੰ ਕੁੜੀ ਪਸੰਦ ਆਈ। "ਮੈਨੂੰ ਤਾਂ ਜਾਹਰ ਹੈ ਕਿ ਖ਼ੁਸ਼ੀ ਹੀ ਹੋਵੇਗੀ, "ਉਸਨੇ ਕਿਹਾ, "ਪਰ ਆਪਾਂ ਕਿਥੇ ਅਤੇ ਕਿੰਝ ਰਿਹਾ ਕਰਾਂਗੇ ?"

"ਏਹਦੀ ਚਿੰਤਾ ਕਰਨ ਦੀ ਕੀ ਲੋੜ ਪਈ ਹੈ ?" ਕੁੜੀ ਨੇ ਕਿਹਾ। "ਬਸ ਬੰਦੇ ਨੂੰ ਇਹੋ ਚਾਹੀਦਾ ਹੈ ਕਿ ਸੋਵੇਂ ਘੱਟ ਅਤੇ ਕੰਮ ਕਰੇ ਵਧ ਫੇਰ ਬੰਦਾ ਕਿਤੇ ਵੀ ਖਾ ਪੀ ਅਤੇ ਵਸ ਸਕਦਾ ਹੈ, ਰਹਿ ਸਕਦਾ ਹੈ।"

"ਠੀਕ ਹੈ ਫੇਰ ਆਓ ਆਪਾਂ ਵਿਆਹ ਕਰ ਲੈਂਦੇ ਹਾਂ, "ਐਮੇਲੀਯਨ ਨੇ ਕਿਹਾ।

"ਚਲੀਏ ਕਿਥੇ ਆਪਾਂ ਹੁਣ ?"

"ਆਓ ਆਪਾਂ ਸ਼ਹਿਰ ਨੂੰ ਚੱਲੀਏ।"

ਬਸ ਇੰਝ ਐਮੇਲੀਯਨ ਅਤੇ ਕੁੜੀ ਸ਼ਹਿਰ ਨੂੰ ਚਲੇ ਗਏ ਅਤੇ ਕੁੜੀ ਉਸਨੂੰ ਸ਼ਹਿਰ ਦੇ ਐਨ ਅਖੀਰ ਤੇ ਇਕ ਨਿੱਕੀ ਜਹੀ ਕੁਟੀਆ ਵਿਚ ਲੈ ਗਈ, ਓਹਨਾਂ ਨੇ ਵਿਆਹ ਕਰ ਲਿਆ ਅਤੇ ਕਬੀਲਦਾਰੀ ਆਰੰਭ ਕਰ ਦਿੱਤੀ।

ਇਕ ਦਿਨ ਸ਼ਹਿਰ ਵਿਚ ਦੀ ਲੰਘਦਿਆਂ ਬਾਦਸ਼ਾਹ ਦੀ ਸਵਾਰੀ ਐਮੇਲੀਯਨ ਦੀ ਕੁਟੀਆ ਪਾਸੋਂ ਲੰਘੀ। ਐਮੇਲੀਯਨ ਦੀ ਪਤਨੀ ਬਾਦਸ਼ਾਹ ਨੂੰ ਦੇਖਣ ਦੇ ਲਈ ਬਾਹਰ ਆਈ। ਬਾਦਸ਼ਾਹ ਨੇ ਉਸਨੂੰ ਦੇਖਿਆ ਤਾਂ ਬਸ ਦੇਖਦਾ ਹੀ ਰਹਿ ਗਿਆ।

"ਇਹੋ ਜਹੀ ਸੁੰਦਰੀ ਆਈ ਕਿਥੋਂ ਹੈ ?" ਉਸ ਨੇ ਕਿਹਾ, ਅਤੇ ਆਪਣੀ ਸਵਾਰੀ ਰੁਕਵਾਂਦਿਆਂ ਹੋਇਆਂ ਉਸਨੇ ਐਮੇਲੀਯਾਨ ਦੀ ਪਤਨੀ ਨੂੰ ਬੁਲਾਇਆ ਤੇ ਪੁਛਿਆ— "ਕੌਣ ਹੈਂ ਤੂੰ ?"

"ਕਿਸਾਨ ਐਮੇਲੀਯਾਨ ਦੀ ਪਤਨੀ ਹਾਂ।" ਉਸਨੇ ਉਤਰ ਵਿਚ ਕਿਹਾ।

"ਤੂੰ, ਇਤਨੀ ਸੁੰਦਰ ਹੋਣ ਤੇ ਵੀ ਇਕ ਕਿਸਾਨ ਨਾਲ ਕਿਉਂ ਵਿਆਹ ਕੀਤਾ, "ਰਾਜੇ ਨੇ ਕਿਹਾ," ਤੂੰ ਤਾਂ ਇਕ ਰਾਣੀ ਹੋਣੀ ਚਾਹੀਦੀ ਸੀ।"

"ਆਪ ਦੇ ਸ਼ੁਭ ਅਤੇ ਮੇਹਰਬਾਨ ਸ਼ਬਦਾਂ ਲਈ ਧੰਨਵਾਦ", ਉਸਨੇ ਕਿਹਾ, "ਪਰ ਮੇਰੇ ਲਈ ਕਿਸਾਨ ਪਤੀ ਹੀ ਬਹੁਤ ਹੈ।"

ਰਾਜੇ ਨੇ ਉਸ ਦੇ ਨਾਲ ਕੁਝ ਦੇਰ ਗੱਲਬਾਤ ਕੀਤੀ ਅਤੇ ਫੇਰ ਅਗੇ ਚੱਲ ਪਿਆ। ਉਹ ਮਹਿਲਾਂ ਵਿਚ ਪਰਤਿਆ, ਪਰ ਐਮੇਲੀਯਨ ਦੀ ਪਤਨੀ ਨੂੰ ਆਪਣੇ ਦਿਲ ਦਿਮਾਗ ਤੋਂ ਪਾਸੇ ਨਾ ਕਰ ਸਕਿਆ। ਉਹ ਸਾਰੀ ਰਾਤ ਸੌਂ ਨਾ ਸਕਿਆ, ਬਸ ਇਹੋ ਤਦਬੀਰਾਂ ਸੋਚਦਾ ਰਿਹਾ ਕਿ ਉਸਨੂੰ ਕਿੰਝ ਪਰਾਪਤ ਕਰੇ। ਉਸਨੂੰ ਕੋਈ ਢੰਗ ਨਹੀਂ ਸੀ ਸੁੱਝ ਰਿਹਾ, ਬਸ ਉਸਨੇ ਆਪਣੇ ਦਰਬਾਰੀ ਸੱਦ ਲਏ ਅਤੇ ਉਹਨਾਂ ਨੂੰ ਕੋਈ ਰਾਹ ਕਢਣ ਲਈ ਕਿਹਾ।

ਦਰਬਾਰੀਆਂ ਨੇ ਸੁਝਾ ਦਿਤਾ ਕਿ, "ਐਮੇਲੀਯਨ ਨੂੰ ਮਹਿਲਾਂ ਵਿਚ ਆ ਕੇ ਕੰਮ ਕਰਨ ਦਾ ਹੁਕਮ ਦਿਤਾ ਜਾਵੇ, ਅਤੇ ਅਸੀਂ ਉਸ ਪਾਸੋਂ ਇਤਨੀ ਮੁਸ਼ਕਤ ਲਵਾਂਗੇ ਕਿ ਉਹ ਮਰ ਮੁੱਕ ਜਾਵੇਗਾ। ਉਸ ਦੀ ਪਤਨੀ ਵਿਧਵਾ ਹੋ ਜਾਵੇਗੀ ਫੇਰ ਆਪ ਉਸਨੂੰ ਪਰਾਪਤ ਕਰ ਸਕੋਗੇ।"

ਰਾਜੇ ਨੇ ਉਹਨਾਂ ਦੇ ਮਸ਼ਵਰੇ ਤੇ ਅਮਲ ਕੀਤਾ। ਉਸਨੇ ਹੁਕਮ ਜਾਰੀ ਕਰ ਦਿਤਾ ਕਿ ਐਮੇਲੀਯਾਨ ਉਸਦੇ ਮਹਿਲਾਂ ਵਿਚ ਆ ਕੇ ਕੰਮ ਕਰੇ, ਅਤੇ ਕਿ ਉਹ ਆਪਣੀ ਪਤਨੀ ਦੇ ਨਾਲ ਮਹਿਲਾਂ ਵਿਚ ਹੀ ਰਿਹਾ ਕਰੇ।

ਹਰਕਾਰੇ ਐਮੇਲੀਯਾਨ ਦੇ ਪਾਸ ਪੁੱਜੇ ਅਤੇ ਰਾਜੇ ਦਾ ਹੁਕਮ ਉਸਨੂੰ ਸੁਣਾਇਆ। ਉਸ ਦੀ ਪਤਨੀ ਨੇ ਕਿਹਾ, "ਜਾ ਐਮੇਲੀਯਾਨ, ਸਾਰੇ ਦਿਨ ਉਥੇ ਕੰਮ ਕਰਨਾ, ਪਰ ਰਾਤ ਨੂੰ ਪਰਤ ਆਇਆ ਕਰਨਾ।"

ਐਮੇਲੀਯਾਨ ਗਿਆ, ਉਸਨੂੰ ਇਕੱਲਿਆਂ ਦੇਖ ਕੇ ਮਹਿਲਾਂ ਦੇ ਮੁਖੀ ਕਰਮਚਾਰੀ ਨੂੰ ਪੁਛਿਆ, "ਤੂੰ ਇਕੱਲਾ ਹੀ ਕਿਉਂ ਆਇਆ ਹੈਂ, ਪਤਨੀ ਕਿਥੇ ਹੈ ਤੇਰੀ ?"

"ਮੈਂ ਉਹਨਾਂ ਨੂੰ ਕਿਉਂ ਨਾਲ ਖਿੱਚੀਂ ਫਿਰਾਂ ਬਈ ? ਐਮੇਲੀਯਾਨ ਨੇ ਕਿਹਾ, "ਉਸਨੇ ਘਰ ਬਾਰ ਵੀ ਤਾਂ



Sri Satguru Jagjit Singh Ji eLibrary NamdhariElibrary@gmail.com

ਸੰਭਾਲਣਾ ਹੈ।''

ਰਾਜੇ ਦੇ ਮਹਿਲਾਂ ਵਿਚ ਉਸਨੂੰ ਦੋ ਬੰਦਿਆਂ ਦੇ ਕੰਮ ਜਿਤਨਾ ਕੰਮ ਦਿਤਾ ਗਿਆ। ਉਸਨੇ ਕੰਮ ਨੂੰ ਆਰੰਭ ਤਾਂ ਕਰ ਦਿਤਾ ਪਰ ਕੰਮ ਨੂੰ ਮੁਕਾ ਦੇਣ ਦੀ ਕੋਈ ਆਸ ਨਹੀਂ ਸੀ, ਪਰ ਜਦੋਂ ਆਰੰਭ ਕਰ ਦਿਤਾ, ਤਾਂ ਕੀ ਦੇਖਦਾ ਹੈ ਕਿ ਸਾਰੇ ਦਾ ਸਾਰਾ ਕੰਮ ਮੁੱਕ ਗਿਆ। ਪਰਧਾਨ ਕਰਮਚਾਰੀ ਨੇ ਜਦੋਂ ਇਹ ਦੇਖਿਆ ਤਾਂ ਅਗਲੇ ਦਿਨ ਉਸਨੂੰ ਇਸ ਨਾਲੋਂ ਚਾਰ ਗੁਣਾ ਵਧ ਕੰਮ ਕਰਨ ਦੇ ਲਈ ਦੇਣ ਬਾਰੇ ਮਨ ਬਣਾ ਲਿਆ।

ਐਮੇਲੀਯਾਨ ਘਰ ਪੁਜਾ। ਉਥੇ ਸਭ ਕੁਝ ਸਾਫ਼ ਸੁਥਰਾ ਅਤੇ ਠਿਕਾਣੇ ਸਿਰ ਸੀ। ਚੁਲ੍ਹਾ ਜਲ ਰਿਹਾ ਸੀ ਖਾਣਾ ਪੱਕ ਕੇ ਤਿਆਰ ਸੀ, ਅਤੇ ਉਸਦੀ ਪਤਨੀ ਮੇਜ਼ ਤੇ ਸਿਲਾਈ ਕਰ ਰਹੀ ਸੀ ਤੇ ਉਸਦੇ ਪਰਤਣ ਦੀ ਉਡੀਕ ਕਰ ਰਹੀ ਸੀ। ਉਸਨੇ ਪਤੀ ਦਾ ਸਵਾਗਤ ਕੀਤਾ। ਅਤੇ ਦਸਤਰ ਖ਼ੁਆਨ ਵਿਛਾਇਆ। ਉਸਨੂੰ ਖਾਣ ਪੀਣ ਦੇ ਲਈ ਦਿਤਾ ਫੇਰ ਉਸ ਦੇ ਨਾਲ ਉਸਦੇ ਕੰਮਕਾਰ ਦੇ ਬਾਰੇ ਗੱਲਾਂ ਕਰਨ ਡਹਿ ਪਈ।

''ਹਾਏ'', ਉਸ ਨੇ ਕਿਹਾ, ''ਕੁਝ ਨਾ ਪੁੱਛ, ਉਹਨਾਂ ਨੇ ਮੇਰੇ ਵਸੋਂ ਬਾਹਰਾ ਕੰਮ ਮੈਨੂੰ ਕਰਨ ਦੇ ਲਈ ਦੇ ਦਿੱਤਾ, ਅਤੇ ਮੈਨੂੰ ਤਾਂ ਬਸ ਕੰਮ ਨਾਲ ਮਾਰ ਹੀ ਦੇਣਾ ਚਾਂਹਦੇ ਹਨ।

''ਕੰਮ ਤੋਂ ਨਾ ਡਰ'', ਪਤਨੀ ਨੇ ਕਿਹਾ, ਤੂੰ ਇਹ ਦੇਖਣ ਦੇ ਲਈ ਅੱਗਾ ਪਿਛਾ ਨਾ ਦੇਖੀਂ ਕਿ ਕਿਤਨਾ ਕੰਮ ਕਰ ਦਿਤਾ ਹੈ ਅਤੇ ਕਿਤਨਾ ਬਾਕੀ ਰਹਿ ਗਿਆ ਹੈ, ਬੱਸ ਕੰਮ ਕਰਦਾ ਰਹੀਂ ਸਭ ਕੁਝ ਠੀਕ ਠਾਕ ਹੀ ਰਹੇਗਾ।''

ਐਮੇਲੀਯਾਨ ਲੇਟ ਕੇ ਸੌਂ ਰਿਆ। ਅਗਲੇ ਦਿਨ ਉਹ ਕੰਮ ਤੇ ਗਿਆ ਅਤੇ ਇਕ ਪੱਲ ਵੀ ਏਧਰ ਓਧਰ ਝਾਕਣ ਤੋਂ ਬਿਨਾਂ ਕੰਮ ਕਰਦਾ ਰਿਹਾ। ਅਤੇ ਲਓ, ਆਥਣ ਤੀਕ ਸਾਰਾ ਕੰਮ ਮੁੱਕ ਗਿਆ ਸੀ, ਨ੍ਹੇਰਾ ਹੋਣ ਤੋਂ ਪਹਿਲਾਂ ਪਹਿਲਾਂ ਉਹ ਘਰ ਪਰਤ ਆਇਆ ਸੀ।

ਉਹਨਾਂ ਨੇ ਰੋਜ਼ ਰੋਜ਼ ਐਮੇਲੀਯਾਨ ਦਾ ਕੰਮ ਵਧਾਣਾ ਸ਼ੁਰੂ ਕਰ ਦਿਤਾ ਪਰ ਉਹਨੇ ਹਮੇਸ਼ਾ ਇਹਨੂੰ ਸਮੇਂ ਸਿਰ ਮੁਕਾਇਆ ਅਤੇ ਰਾਤ ਨੂੰ ਘਰ ਜਾ ਰਹਿੰਦਾ। ਇਕ ਹਫ਼ਤਾ ਬੀਤ ਗਿਆ, ਅਤੇ ਰਾਜੇ ਦੇ ਕਰਮਚਾਰੀਆਂ ਨੇ ਦੇਖ ਲਿਆ ਕਿ ਉਹ ਬਹੁਤ ਕੰਮ ਦੇ ਕੇ ਉਸ ਦਾ ਲੱਕ ਨਹੀਂ ਤੋੜ ਸਕਦੇ, ਫੇਰ ਉਹਨਾਂ ਨੇ ਉਸਨੂੰ ਉਹ ਕੰਮ ਦੇਣ ਦੀ ਕੋਸ਼ਿਸ਼ ਕੀਤੀ ਜਿਸਦੇ ਕਰਨ ਦੇ ਲਈ ਸਰੀਰਕ ਸ਼ਕਤੀ ਦੀ ਨਹੀਂ ਮੁਹਾਰਤ ਦੀ ਲੋੜ ਸੀ। ਇਸ ਨਾਲ ਵੀ ਕੋਈ ਪਰਾਪਤੀ ਨਾ ਹੋਈ। ਤਰਖਾਣਾ ਕੰਮ, ਰਾਜਗੀਰੀ ਦਾ ਕੰਮ, ਛੱਤ ਪਾਣ ਦਾ ਕੰਮ ਜੋ ਵੀ ਕੰਮ ਉਸਨੂੰ ਸੌਂਪਿਆ ਜਾਂਦਾ ਸਮੇਂ ਸਿਰ ਨੇਪਰੇ ਚੜ੍ਹ ਜਾਂਦਾ, ਅਤੇ ਉਹ ਰਾਤ ਨੂੰ ਸੌਣ ਦੇ ਲਈ ਪਤਨੀ ਦੇ ਪਾਸ ਪੁੱਜ ਜਾਂਦਾ ਸੀ। ਇਸ ਪਰਕਾਰ ਦੂਜਾ ਹਫਤਾ ਵੀ ਬੀਤ ਗਿਆ।

ਤਦ ਬਾਦਸ਼ਾਹ ਨੇ ਆਪਣੇ ਅਹਿਲਕਾਰਾਂ ਨੂੰ ਬੁਲਾਇਆ ਅਤੇ ਪੁਛਿਆ, ''ਕੀ ਮੈਂ ਤੁਹਾਨੂੰ ਮੁਫ਼ਤ ਵਿਚ ਪਾਲ ਰਿਹਾ ਹਾਂ? ਦੋ ਹਫ਼ਤੇ ਬਤੀਤ ਹੋ ਗਏ ਹਨ ਅਤੇ ਤੁਹਾਡੇ ਵਲੋਂ ਕੋਈ ਸਿੱਟਾ ਨਹੀਂ ਨਿਕਲਿਆ ਹੈ? ਤੁਸੀਂ ਚਾਂਹਦੇ ਸੋ ਕਿ ਐਮੇਲੀਯਾਨ ਨੂੰ ਕੰਮਕਾਰ ਵਿਚ ਥੱਕਾ ਦੇਵਾਂਗੇ ਪਰ ਮੈਂ ਆਪਣੀ ਖਿੜਕੀ ਵਿਚ ਖਲੋਕੇ ਰੋਜ਼ ਦੇਖਦਾ ਹਾਂ ਕਿ ਉਹ ਹਰ ਸ਼ਾਮ ਨੂੰ ਉਹ ਖ਼ੁਸ਼ ਖ਼ੁਸ਼, ਗਾਂਦਾ ਅਤੇ ਸੀਟੀਆਂ ਮਾਰਦਾ ਘਰ ਨੂੰ ਪਰਤਦਾ ਹੈ। ਕੀ ਤੁਸੀਂ ਮੈਨੂੰ ਝੂਡੂ ਬਣਾ ਰਹੇ ਹੋ?''

ਰਾਜੇ ਦੇ ਅਹਿਲਕਾਰ ਆਪਣੇ ਬਚਾਓ ਵਿਚ ਕਹਿਣ ਲੱਗੇ, ਅਸੀਂ ਆਪਣੀ ਪੂਰੀ ਕੋਸ਼ਿਸ਼ ਕੀਤੀ ਕਿ ਉਸਨੂੰ ਸਰੀਰਕ ਮੁਸ਼ਕਤ ਵਿਚ ਮੁਕਾ ਦੇਈਏ, ''ਉਹਨਾਂ ਨੇ ਕਿਹਾ, ਪਰ ਉਸਦੇ ਲਈ ਕੋਈ ਵੀ ਕੰਮ ਮੁਸ਼ਕਿਲ ਨਹੀਂ ਸੀ, ਉਸਨੇ ਹਰ ਕੰਮ ਨੂੰ ਹੂੰਝਾ ਫੇਰ ਦੇਣ ਵਾਂਗ ਮੁਕਾ ਦਿਤਾ। ਉਸਨੂੰ ਥਕਾ ਦੇਣਾ ਸੰਭਵ ਨਹੀਂ ਸੀ। ਫੇਰ ਅਸੀਂ ਉਸਨੂੰ ਮੁਹਾਰਤ ਵਾਲੇ ਕੰਮਾਂ ਤੇ ਜੁਟਾ ਦਿਤਾ। ਸਾਡਾ ਵਿਚਾਰ ਸੀ ਕਿ ਇਹ ਉਸਦੇ ਵਸ ਦੀ ਗੱਲ ਨਹੀਂ ਹੋਵੇਗੀ, ਪਰ ਉਸਨੇ ਇਹ ਸਾਰੇ ਵੀ ਕਰ ਦਿਤੇ। ਉਸ ਨੂੰ ਜਿਸ ਵੀ ਕੰਮ ਤੇ ਲਾਓ, ਮੁਕਾ ਦੇਂਦਾ ਹੈ, ਪਤਾ ਨਹੀਂ ਕਿਂਝ। ਉਹ ਜਾਂ ਉਸਦੀ ਪਤਨੀ ਕੋਈ ਜਾਦੂ ਜਾਣਦੇ ਹਨ ਜੋ ਉਹਨਾਂ ਦੀ ਮਦਦ ਕਰਦਾ ਹੈ। ਅਸੀਂ ਤਾਂ ਆਪ ਅੱਕ ਗਏ ਹਾਂ ਅਤੇ ਚਾਂਹਦੇ ਹਾਂ ਕਿ ਕੋਈ ਇਹੋ ਜਿਹਾ ਕੰਮ ਹੋਵੇ ਜੇਹੜਾ ਉਸਤੋਂ ਕਰ ਨਾ ਹੋਵੇ। ਹੁਣ ਅਸੀਂ ਉਸਨੂੰ ਇਕ ਵੱਡਾ ਗਿਰਜਾ (ਕਥੇਡਰਿਲ) ਇਕ ਦਿਨ ਵਿਚ ਉਸਾਰਨ ਦਾ ਕੰਮ ਸੌਂਪਣ ਬਾਰੇ ਸੋਚ ਰਹੇ ਹਾਂ। ਜਨਾਬ ਐਮੇਲੀਯਾਨ ਨੂੰ ਸੱਦ ਕੇ ਮਹਿਲਾਂ ਦੇ ਸਾਹਮਣੇ ਇਕ ਦਿਨ ਵਿਚ ਕਥੇਡਰਿਲ ਉਸਾਰਨ ਦਾ ਹੁਕਮ ਦੇਵੋ। ਫਿਰ ਜੇਕਰ ਉਹ ਇੰਝ ਨਾ ਕਰ ਸਕਿਆ ਤਾਂ ਹੁਕਮ ਅਦੂਲੀ ਦੇ ਜੁਰਮ ਵਿਚ ਉਸ ਦਾ ਸਿਰ ਕਲਮ ਕਰ ਦੇਣਾ।

ਰਾਜੇ ਨੇ ਐਮੇਲੀਯਾਨ ਨੂੰ ਸੱਦਾ ਘਲਿਆ, ''ਮੇਰਾ ਹੁਕਮ ਧਿਆਨ ਨਾਲ ਸੁਣ, ''ਰਾਜੇ ਨੇ ਕਿਹਾ। ਮੇਰੇ ਮਹਿਲ ਦੇ ਸਾਹਮਣੇ, ਮੇਰੇ ਲਈ ਇਕ ਨਵਾਂ ਕਥੇਡਰਿਲ ਕੱਲ ਸ਼ਾਮ ਤੱਕ ਉਸਾਰ ਕੇ ਦੇ। ਜੇਕਰ ਤੂੰ ਇਹ ਤਿਆਰ ਕਰ ਦਿਤਾ ਤਾਂ ਮੈਂ ਤੈਨੂੰ ਇਨਾਮ ਕਨਾਮ ਅਤੇ ਸਰੋਪਾ ਦੇਵਾਂਗਾ ਪਰ ਜੇਕਰ ਨਾ ਹੋਇਆ ਤਾਂ ਤੇਰਾ ਸਿਰ ਤੇਰੇ ਧੜ ਤੇ ਨਹੀਂ ਰਹੇਗਾ।



Sri Satguru Jagjit Singh Ji eLibrary NamdhariElibrary@gmail.com

ਐਮੇਲੀਯਾਨ ਨੇ ਰਾਜੇ ਦਾ ਹੁਕਮ ਸੁਣਿਆ ਤਾਂ ਉਹ ਆਪਣੇ ਘਰ ਨੂੰ ਪਰਤ ਗਿਆ । "ਮੇਰਾ ਹਾਂ ਹੁਣ ਕੀਰਤਨ ਸੋਹਲਾ ਪੜ੍ਹਿਆ ਹੀ ਮੰਨੋ, ਉਸਨੇ ਸੋਚਿਆ ਅਤੇ ਆਪਣੀ ਪਤਨੀ ਪਾਸ ਪੁੱਜ ਕੇ ਉਸ ਨੇ ਕਿਹਾ, "ਛੇਤੀ ਤਿਆਰ ਹੋ ਜਾ ਭਾਗਵਾਨ, ਆਪਾਂ ਏਥੋਂ ਪਤ੍ਰਾ ਵਾਚ ਜਾਈਏ, ਨਹੀਂ ਤਾਂ ਮੈਂ ਬੇਕਸੂਰਾ ਹੀ ਮਾਰਿਆ ਜਾਣਾ ਹੈ ।"

"ਤੁਹਾਨੂੰ ਕਿਸ ਕਾਰਨ ਇਤਨੀ ਭੈ ਹੋ ਗਈ ਹੈ ਜੀ ? ਪਤਨੀ ਨੇ ਕਿਹਾ, "ਅਤੇ ਆਪਾਂ ਨੱਸ ਕਿਉਂ ਜਾਈਏ ?"

'ਮੈਂ ਭਲਾ ਡਰਾਂ ਕਿਉਂ ਨਾ ? ਰਾਜੇ ਦਾ ਹੁਕਮ ਹੈ ਕਿ ਮੈਂ ਕੱਲ੍ਹ ਨੂੰ, ਇਕੋ ਦਿਨ ਵਿਚ ਉਸਦੇ ਲਈ ਇਕ ਕਥੇਡਰਿਲ ਉਸਾਰ ਕੇ ਦੇਵਾਂ । ਜੇਕਰ ਨਾ ਕਰ ਸਕਾਂ ਤਾਂ ਉਹ ਮੇਰਾ ਸਿਰ ਕਲਮ ਕਰ ਦੇਵੇਗਾ । ਬੱਸ ਆਪਾਂ ਹੁਣ ਇਹੋ ਕਰ ਸਕਦੇ ਹਾਂ ਕਿ ਅਜੇ ਵੀ ਆਪਣੇ ਪਾਸ ਵਕਤ ਹੈ ਆਪਾਂ ਨੱਸ ਜਾਈਏ ।"

ਪਰ ਉਸਦੀ ਪਤਨੀ ਨੇ ਉਸਦੀ ਗੱਲ ਜਾਣੋ ਸੁਣੀ ਹੀ ਨਹੀਂ ਸੀ । ਉਹ ਉਸ ਦੀਗੱਲ ਮੰਨਣ ਦੇ ਲਈ ਤਿਆਰ ਹੀ ਨਹੀਂ ਸੀ। ਰਾਜੇ ਦੇ ਪਾਸ ਬਹੁਤ ਸਿਪਾਹੀ ਹਨ"ਉਸਨੇ ਕਿਹਾ, "ਅਸੀਂ ਕਿਤੇ ਵੀ ਹੋਈਏ, ਉਹਨਾਂ ਨੇ ਸਾਨੂੰ ਫੜ ਹੀ ਲੈਣਾ ਹੈ । ਅਸੀਂ ਉਸ ਪਾਸੋਂ ਬਚ ਨਹੀਂ ਸਕਦੇ, ਇਸ ਲਈ ਸਾਨੂੰ ਚਾਹੀਦਾ ਹੈ ਕਿ ਜਦੋਂ ਤੱਕ ਵੀ ਹੋ ਸਕੇ ਅਸੀਂ ਉਸਦੇ ਹੁਕਮ ਦੀ ਪਾਲਣਾ ਕਰੀਏ ।"

"ਮੈਂ ਉਸਦੇ ਹੁਕਮ ਦੀ ਪਾਲਨਾ ਕਿਵੇਂ ਕਰ ਸਕਦਾ ਹਾਂ ? ਇਹ ਮੇਰੀ ਸਮਰਥਾ ਅਤੇ ਸ਼ਕਤੀ ਤੋਂ ਬਾਹਰੀ ਗੱਲ ਹੈ !"

"ਭਲਿਆ ਲੋਕਾ, ਦਿਲ ਨਾ ਛੱਡ । ਖਾਣਾ ਖਾ ਅਤੇ ਬੇਫਿਕਰੀ ਨਾਲ ਸੌਂ ਜਾ । ਸਵੇਰੇ ਸੁਵਕਤੇ ਉਠ ਕੇ ਸਭ ਕੁਝ ਕਰ ਲੈਣਾ ।"

ਬਸ ਜੀ ਐਪੇਲੀਯਨ ਜਾ ਕੇ ਸੌਂ ਗਿਆ । ਉਸਦੀ ਪਤਨੀ ਨੇ ਸਵੇਰੇ ਸਾਝਰੇ ਹੀ ਉਸਨੂੰ ਜਗਾ ਦਿਤਾ । "ਛੇਤੀ ਜਾ," ਉਸਨੇ ਕਿਹਾ, "ਅਤੇ ਕਥੇਡਰਲ ਨੂੰ ਮੁਕਾ । ਆਹ ਲੈ ਮੇਖਾਂ ਅਤੇ ਹਥੌੜਾ, ਅਜੇ ਉਥੇ ਪੂਰਾ ਦਿਨ ਕਰਨ ਜੋਗਾ ਕੰਮ ਹੈਗਾ ਏ ।"

ਐਮੇਲੀਯਾਨ ਸ਼ਹਿਰ ਨੂੰ ਚਲਿਆ ਗਿਆ, ਮਹਿਲਾਂ ਪਾਸ ਪੁੱਜਾ, ਅਤੇ ਓਥੇ ਇਕ ਵਿਸ਼ਾਲ ਕਥੇਡਰਲ ਖੜੋਤਾ ਸੀ ਜੋ ਕਿ ਅਜੇ ਪੂਰੀ ਤਰ੍ਹਾਂ ਤਿਆਰ ਨਹੀਂ ਸੀ । ਐਮੇਲੀਯਾਨ ਲੋੜੀਂਦੇ ਕੰਮ ਤੇ ਜੁੱਟ ਗਿਆ ਅਤੇ ਸੰਝ ਹੋਣ ਤੀਕ ਸਾਰਾ ਕੰਮ ਮੁਕ ਚੁਕਾ ਸੀ ।

ਰਾਜਾ ਜਦੋਂ ਜਾਗਿਆ ਤਾਂ ਮਹਿਲ ਦੀ ਬਾਰੀ ਵਿਚੋਂ ਬਾਹਰ ਝਾਕਿਆ, ਅਤੇ ਦੇਖਿਆ ਕਿ ਕਥੇਡਰਲ ਤੇ ਐਮੇਲੀਯਾਨ ਥਾਂ ਥਾਂ ਤੇ ਮੇਖਾਂ ਗੱਡ ਰਿਹਾ ਹੈ । ਰਾਜਾ ਕਥੇਡਰਲ ਨੂੰ ਦੇਖ ਕੇ ਖ਼ੁਸ਼ ਨਾ ਹੋਇਆ— ਉਹ ਸਗੋਂ ਇਸ ਗੱਲ ਤੇ ਖਿਝ ਗਿਆ ਕਿ ਐਮੇਲੀਯਾਨ ਨੂੰ ਖ਼ਤਮ ਕਰਕੇ ਉਸ ਦੀ ਪਤਨੀ ਕਿਉਂ ਨਾ ਪਰਾਪਤ ਕਰ ਸਕਿਆ । ਉਸਨੇ ਫੇਰ ਆਪਣੇ ਕਰਮਚਾਰੀਆਂ ਨੂੰ ਸੱਦਿਆ । "ਐਮੇਲੀਯਾਨ ਨੇ ਇਹ ਕਾਰਜ ਵੀ ਕਰ ਦਿਤਾ ਹੈ," ਰਾਜੇ ਨੇ ਕਿਹਾ, "ਅਤੇ ਉਸਨੂੰ ਮਾਰ ਦੇਣ ਦੇ ਲਈ ਕੋਈ ਵੀ ਬਹਾਨਾ ਨਹੀਂ ਹੈ । ਇਹ ਕੰਮ ਵੀ ਉਸਦੇ ਲਈ ਕੋਈ ਬਹੁਤ ਓਖਾ ਸਿੱਧ ਨਹੀਂ ਹੋਇਆ । ਤੁਸੀਂ ਕੋਈ ਵਧੇਰੇ ਚਲਾਕੀ ਭਰੀ ਤਜਵੀਜ਼ ਪੇਸ਼ ਕਰੋ ਨਹੀਂ ਤਾਂ ਮੈਂ ਉਸਦੇ ਨਾਲ ਨਾਲ ਤੁਹਾਡੇ ਸਿਰ ਵੀ ਲਾਹ ਦਿਆਂਗਾ ।"

ਫੇਰ ਕਰਮਚਾਰੀਆਂ ਤਜਵੀਜ਼ ਕੀਤਾ ਕਿ ਐਮੇਲੀਯਾਨ ਨੂੰ ਕਿਹਾ ਜਾਵੇ ਕਿ ਉਹ ਮਹਿਲ ਦੇ ਗਿਰਦ ਇਕ ਨਦੀ ਬਣਾਵੇ ਜਿਸ ਵਿਚ ਕਿ ਜਹਾਜ਼ ਚੱਲ ਸਕਣ । ਅਤੇ ਰਾਜੇ ਨੇ ਐਮੇਲੀਯਾਨ ਨੂੰ ਬੁਲਾ ਕੇ ਇਸ ਨਵੇਂ ਕੰਮ ਤੇ ਲਗਾ ਦਿੱਤਾ ।

"ਜੇਕਰ," ਉਸਨੇ ਕਿਹਾ, "ਤੂੰ ਇਕ ਰਾਤ ਵਿਚ ਕਥੇਡਰਲ ਉਸਾਰ ਸਕਦਾ ਹੈਂ,ਤਾਂ ਇਹ ਵੀ ਕਰ ਸਕਦਾ ਹੈਂ । ਕੱਲ ਤੱਕ ਸਭ ਤਿਆਰ ਹੋਵੇ ਨਹੀਂ ਤਾਂ ਤੇਰਾ ਸਿਰ ਕਲਮ ਕਰ ਦਿੱਤਾ ਜਾਵੇਗਾ ।"

ਐਮੇਲੀਯਾਨ ਹੁਣ ਪਹਿਲਾ ਨਾਲੋਂ ਵੀ ਵਧ ਉਦਾਸ ਸੀ, ਅਤੇ ਟੁੱਟੇ ਦਿਲ ਨਾਲ ਪਤਨੀ ਦੇ ਪਾਸ ਪੁੱਜਾ ।

"ਤੂੰ ਇਤਨਾ ਉਦਾਸ ਕਿਉਂ ਹੈਂ ਜੀ ?" ਉਸਦੀ ਪਤਨੀ ਨੇ ਪੁਛਿਆ । "ਕੀ ਰਾਜੇ ਨੇ ਤੈਨੂੰ ਕੋਈ ਹੋਰ ਕੰਮ ਕਰਨ ਲਈ ਕਿਹਾ ਹੈ ?"

ਐਮੇਲੀਯਾਨ ਨੇ ਉਸਨੂੰ ਸਭ ਕੁਝ ਦਸਿਆ । "ਚੱਲ ਵੱਗ ਚੱਲੀਏ," ਉਸਨੇ ਕਿਹਾ ।

ਪਰ, ਉਸਦੀ ਪਤਨੀ ਨੇ ਕਿਹਾ । "ਸਿਪਾਹੀਆਂ ਤੋਂ ਬਚਿਆ ਨਹੀਂ ਜਾ ਸਕਣਾ । ਜਿਥੇ ਕਿਤੇ ਵੀ ਹੋਵਾਂਗੇ ਉਹਨਾਂ ਨੇ ਜਾਂ ਗਰਿਫਤਾਰ ਕਰਨਾ ਹੈ । ਇਹ ਕੋਈ ਵੱਡੀ ਗੱਲ ਨਹੀਂ ਕਿ ਆਗਿਆ ਦਾ ਪਾਲਨ ਨਾ ਕੀਤਾ ਜਾਵੇ ।"

"ਪਰ ਮੈਂ ਇਹ ਕਰਾਂਗਾ ਕਿਵੇਂ ।" ਐਮੇਲੀਯਾਨ ਬੁੜਬੁੜਾਇਆ ।

"ਹੈਂ ਭਲਿਆ ਲੋਕਾ", ਪਤਨੀ ਨੇ ਕਿਹਾ, "ਦਿਲ ਨਾ ਛੱਡ, ਖਾਣਾ ਖਾ ਅਤੇ ਬੇਫਿਕਰ ਹੋ ਕੇ ਸੌਂ ਜਾ । ਸਵੇਰੇ ਸੁਵਕਤੇ ਉਠੀਂ, ਅਤੇ ਸਮੇਂ ਸਿਰ ਸਭ ਕੁਝ ਹੋ ਜਾਵੇਗਾ ।"

ਬਸ ਐਮੇਲੀਯਾਨ ਲੇਟ ਕੇ ਸੌਂ ਗਿਆ । ਸਵੇਰੇ ਉਸਦੀ ਪਤਨੀ ਨੇ ਉਸਨੂੰ ਜਗਾਇਆ । "ਜਾ", ਉਸਨੇ ਕਿਹਾ, "ਮਹਿਲਾਂ ਨੂੰ ਜਾ, ਸਭ ਕੁਝ ਤਿਆਰ ਹੈ । ਕੇਵਲ ਮਹਿਲ ਦੇ ਸਾਹਮਣੇ ਜਹਾਜ਼ਾਂ ਦੀ ਗੋਦੀ ਤੇ ਇਕ ਥੜ੍ਹਾ ਬਾਕੀ



Sri Satguru Jagjit Singh Ji eLibrary NamdhariElibrary@gmail.com

ਹੈ, ਇਕ ਬਲਚਾ ਲੈ ਕੇ ਉਸਨੂੰ ਪਧਰਾ ਕਰ ਦੇ ।''

ਜਦੋਂ ਰਾਜਾ ਜਾਗਿਆ ਤਾਂ ਉਸਨੇ ਦੇਖਿਆ ਕਿ ਜਿਥੇ ਪਹਿਲਾਂ ਕੁਝ ਨਹੀਂ ਸੀ ਓਥੇ ਇਕ ਨਦੀ ਵਗ ਰਹੀ ਹੈ, ਜਹਾਜ਼ ਆ ਜਾ ਰਹੇ ਹਨ ਅਤੇ ਐਮੇਲੀਯਾਨ ਇਕੋ ਥੜ੍ਹੇ ਨੂੰ ਬੇਲਚੇ ਨਾਲ ਪੱਧਰਾ ਕਰ ਰਿਹਾ ਹੈ। ਰਾਜਾ ਹੈਰਾਨ ਰਹਿ ਗਿਆ। ਪਰ ਉਸਨੂੰ ਨਾ ਨਦੀ ਦੀ ਅਤੇ ਨਾ ਹੀ ਜਹਾਜ਼ਾਂ ਨਾਲ ਕੋਈ ਖੁਸ਼ੀ ਹੋਈ। ਐਮੇਲੀਯਾਨ ਨੂੰ ਨਾ ਮਾਰ ਮੁਕਾਣ ਕਰਕੇ ਉਹ ਬਹੁਤ ਪਰੇਸ਼ਾਨ ਸੀ। ''ਕੋਈ ਵੀ ਇਹੋ ਜਿਹਾ ਕੰਮ ਨਹੀਂ ਹੈ ਜੇਹੜਾ ਉਹ ਕਰ ਨਾ ਸਕੇ,'' ਉਸਨੇ ਸੋਚਿਆ। ਹੁਣ ਕੀਤਾ ਕੀ ਜਾਵੇ? ਉਸਨੇ ਫੇਰ ਆਪਣੇ ਅਹਿਲਕਾਰ ਅਤੇ ਕਰਮਚਾਰੀ ਬੁਲਾਏ ਅਤੇ ਫੇਰ ਉਹਨਾਂ ਨਾਲ ਮਸ਼ਵਰਾ ਕੀਤਾ।

''ਕੋਈ ਇਹੋ ਜਿਹਾ ਕੰਮ ਸੋਚ'', ''ਉਸਨੇ ਕਿਹਾ, ''ਜੇਹੜਾ ਐਮੇਲੀਯਾਨ ਦੇ ਵਸੋਂ ਬਾਹਰਾ ਹੋਵੇ। ਕਿਉਂ ਜੋ ਅਸੀਂ ਜੋ ਕੁਝ ਵੀ ਸੋਚਦੇ ਹਾਂ ਉਸਨੂੰ ਉਹ ਕਰ ਲੈਂਦਾ ਹੈ ਅਤੇ ਇੰਝ ਉਸ ਪਾਸੋਂ ਮੈਂ ਉਸਦੀ ਪਤਨੀ ਨਹੀਂ ਲੈ ਸਕਦਾ।''

ਰਾਜੇ ਦੇ ਕਰਮਚਾਰੀਆਂ ਨੇ ਬਹੁਤ ਸੋਚਿਆ ਅਤੇ ਅਖੀਰ ਨੂੰ ਇਕ ਵਿਉਂਤ ਬਣਾਈ। ਉਹ ਰਾਜੇ ਦੇ ਪਾਸ ਆਏ ਅਤੇ ਕਿਹਾ, ''ਐਮੇਲੀਯਾਨ ਨੂੰ ਸੱਦ ਕੇ ਕਿਹਾ ਜਾਵੇ, ''ਓਥੇ ਨੂੰ ਜਾ, ਪਤਾ ਨਹੀਂ ਕਿਥੇ ਨੂੰ, ਅਤੇ ਲੈ ਕੇ ਆ, ਪਤਾ ਨਹੀਂ ਕੀ।'' ਫੇਰ ਉਹ ਆਪ ਤੋਂ ਬਚ ਨਹੀਂ ਸਕੇਗਾ। ਉਹ ਭਾਵੇਂ ਕਿਤੇ ਵੀ ਕਿਉਂ ਨਾ ਜਾਵੇ ਤੁਸੀਂ ਕਹਿ ਸਕਦੇ ਹੋ ਕਿ ਉਹ ਸਹੀ ਠਿਕਾਣੇ ਤੇ ਨਹੀਂ ਗਿਆ, ਅਤੇ ਉਹ ਜੋ ਕੁਝ ਵੀ ਲੈ ਕੇ ਆਵੇ ਤੁਸੀਂ ਕਹਿ ਸਕਦੇ ਹੋ ਕਿ ਇਹ ਉਹ ਚੀਜ਼ ਨਹੀਂ ਹੈ ਜੇਹੜੀ ਮੰਗਵਾਈ ਗਈ ਸੀ। ਫੇਰ ਤੁਸੀਂ ਉਸਦਾ ਸਿਰ ਕਲਮ ਕਰਕੇ ਉਸਦੀ ਪਤਨੀ ਨੂੰ ਪਰਾਪਤ ਕਰ ਸਕਦੇ ਹੋ।

ਰਾਜਾ ਬਹੁਤ ਖੁਸ਼ ਹੋਇਆ। ''ਵਾਹਵਾ ਵਿਉਂਤ ਸੋਚੀ ਹੈ'', ਉਸਨੇ ਕਿਹਾ। ਰਾਜੇ ਨੇ ਐਮੇਲੀਯਾਨ ਨੂੰ ਸੱਦਾ ਘਲਿਆ ਅਤੇ ਉਸਨੂੰ ਕਿਹਾ—''ਜਾ ਓਥੇ ਨੂੰ, ਪਤਾ ਨਹੀਂ ਕਿਥੇ ਨੂੰ, ਅਤੇ ''ਉਹ'' ਲੈ ਕੇ ਆ, ਪਤਾ ਨਹੀਂ ਕੀ। ''ਜੇਕਰ ਤੂੰ ਇਹ ਨਾ ਕਰ ਸਕਿਆ ਤਾਂ ਮੈਂ ਤੇਰਾ ਸਿਰ ਕਲਮ ਕਰਵਾ ਦਿਆਂਗਾ।''

ਐਮੇਲੀਯਾਨ ਆਪਣੀ ਪਤਨੀ ਦੇ ਪਾਸ ਪਰਤਿਆ ਅਤੇ ਜੋ ਕੁਝ ਰਾਜੇ ਨੇ ਕਿਹਾ ਸੀ, ਉਸ ਨੂੰ ਦਸਿਆ। ਉਸਦੀ ਪਤਨੀ ਸੋਚੀਂ ਪੈ ਗਈ।

''ਹੂੰ, ਤੈਨੂੰ ਫਾਹੁ ਲਈ ਉਹਨਾਂ ਨੇ ਰਾਜੇ ਨੂੰ ਪੱਟੀ ਪੜ੍ਹਾ ਦਿਤੀ ਹੈ। ਹੁਣ ਆਪਾਂ ਨੂੰ ਚਤਰਾਈ ਤੋਂ ਕੰਮ ਲੈਣਾ ਹਵੇਗਾ। ਬਸ ਉਹ ਬੈਠ ਕੇ ਸੋਚਣ ਡਹਿ ਪਈ, ਅਖ਼ੀਰ ਆਪਣੇ ਪਤੀ ਨੂੰ ਕਿਹਾ, ''ਹੁਣ ਤੂੰ ਦੂਰ ਦੁਰਾਡੇ, ਸਾਡੀ ਨਾਨੀ ਮਾਂ ਦੇ ਪਾਸ ਜਾ,—ਬੁੱਢੀ ਕਿਸਾਨ ਇਸਤਰੀ ਪਾਸ—ਜੋ ਕਿ ਸਿਪਾਹੀਆਂ ਦੀ ਮਾਂ ਹੈ—ਅਤੇ ਤੂੰ ਉਸ ਤੋਂ ਮਦਦ ਮੰਗ। ਜੇਕਰ ਉਹ ਤੈਨੂੰ ਕੁਝ ਸਹਾਇਤਾ ਦਿੰਦੀ ਹੈ ਤਾਂ ਤੂੰ ਲੈ ਕੇ ਸਿਧਾ ਮਹਿਲ ਨੂੰ ਜਾਵੀਂ, ਮੈਂ ਓਥੇ ਹੋਵਾਂਗੀ, ਹੁਣ ਮੈਂ ਉਹਨਾਂ ਦੇ ਪਾਸੋਂ ਬਚ ਨਹੀਂ ਸਕਦੀ। ਉਹ ਮੈਨੂੰ ਜ਼ੋਰ ਜ਼ਬਰੀ ਲੈ ਜਾਣਗੇ, ਪਰ ਇਹ ਦੇਰ ਤੱਕ ਨਹੀਂ ਹੋਵੇਗਾ। ਜੇਕਰ ਤੂੰ ਸਭ ਕੁਝ ਨਾਨੀ ਦੇ ਦਸੇ ਅਨੁਸਾਰ ਕਰੇਂਗਾ ਤਾਂ ਛੇਤੀ ਹੀ ਮੇਰੀ ਰਖਿਆ ਕਰ ਸਕੇਂਗਾ।''

ਇੰਝ ਪਤਨੀ ਨੇ ਆਪਣੇ ਪਤੀ ਨੂੰ ਸਫਰ ਲਈ ਤਿਆਰ ਕਰ ਦਿਤਾ। ਉਸਨੇ ਉਸਨੂੰ ਇਕ ਝੋਲਾ ਅਤੇ ਇਕ ਕੱਤਣੀ ਦਿਤੀ। ''ਉਸਨੂੰ ਇਹ ਦੇ ਦੇਣੇ,'' ਪਤਨੀ ਨੇ ਕਿਹਾ, ''ਇਸ ਨਿਸ਼ਾਨੀ ਨਾਲ ਉਹ ਸਮਝ ਜਾਵੇਗੀ ਕਿ ਤੂੰ ਮੇਰਾ ਪਤੀ ਹੈਂ। ਫੇਰ ਪਤਨੀ ਨੇ ਪਤੀ ਨੂੰ ਰਾਹੇ ਪਾ ਦਿੱਤਾ।

ਐਮੇਲੀਯਾਨ ਚੱਲ ਪਿਆ। ਉਸਨੇ ਸ਼ਹਿਰ ਪਿਛੇ ਛੱਡ ਦਿਤਾ ਅਤੇ ਉਸ ਥਾਂ ਤੇ ਪੁਜ ਗਿਆ ਜਿਥੇ ਕੁਝ ਫੌਜੀ ਡਰਿਲ ਕਰ ਰਹੇ ਸਨ। ਐਮੇਲੀਯਾਨ ਖੜੋ ਕੇ ਉਹਨਾਂ ਨੂੰ ਦੇਖਣ ਲਗਾ। ਡਰਿਲ ਕਰਨ ਉਪਰੰਤ ਫੌਜੀ ਆਰਾਮ ਕਰਨ ਲਈ ਬੈਠ ਗਏ। ਤਦ ਐਮੇਲੀਯਾਨ ਉਹਨਾਂ ਦੇ ਪਾਸ ਗਿਆ ਅਤੇ ਪੁਛਿਆ—''ਭਰਾਵੋ, ਕੀ ਓਥੇ ਦਾ ਰਾਹ ਜਾਣਦੇ ਹੋ, ਪਤਾ ਨਹੀਂ ਕਿਥੇ ਦਾ?'' ਅਤੇ ਮੈਂ ''ਉਹ'' ਕਿਵੇਂ ਪਰਾਪਤ ਕਰ ਸਕਦਾ ਹਾਂ, ਪਤਾ ਨਹੀਂ ਕੀ?''

ਫੌਜੀਆਂ ਨੇ ਹੈਰਾਨੀ ਨਾਲ ਉਸ ਦੀ ਗੱਲ ਸੁਣੀ, ਫੇਰ ਪੁਛਿਆ:—''ਤੈਨੂੰ ਇਸ ਮੁਹਿਮ ਤੇ ਭੇਜਿਆ ਕਿਸ ਨੇ ਹੈ?''

''ਰਾਜੇ ਨੇ।'' ਉਸਨੇ ਉਤਰ ਦਿਤਾ।

ਉਹਨਾਂ ਨੇ ਉਤਰ ਦਿਤਾ, ''ਅਸੀਂ ਤਾਂ ਖ਼ੁਦ ਆਪ, ਜਿਸ ਦਿਨ ਤੋਂ ਫੌਜੀ ਬਣੇ ਹਾਂ, ਜਾਂਦੇ ਹਾਂ, ਨਹੀਂ ਪਤਾ ਕਿਥੇ ਨੂੰ, ਅਤੇ ਅਜੇ ਤੀਕ ਓਥੇ ਨਹੀਂ ਪੁਜ ਸਕੇ ਹਾਂ। ਅਤੇ ਅਸੀਂ ਭਾਲ ਰਹੇ ਹਾਂ, ਪਤਾ ਨਹੀਂ ਕੀ ਚੀਜ਼!, ਅਤੇ ਉਹ ਸਾਨੂੰ ਮਿਲ ਨਹੀਂ ਰਹੀ ਹੈ। ਅਸੀਂ ਤੇਰੀ ਸਹਾਇਤਾ ਨਹੀਂ ਕਰ ਸਕਦੇ।''

ਐਮੇਲੀਯਾਨ ਕੁਝ ਦੇਰ ਫੌਜੀਆਂ ਪਾਸ ਬੈਠ ਕੇ, ਸਸਤਾ ਕੇ, ਫੇਰ ਅਗੇ ਨੂੰ ਚੱਲ ਪਿਆ। ਉਹ ਮੀਲੋਂ ਮੀਲ ਚਲਦਾ ਰਿਹਾ, ਚਲਦਾ ਰਿਹਾ ਅਤੇ ਅਖੀਰ ਨੂੰ ਉਹ ਇਕ ਜੰਗਲ ਵਿਚ ਪੁੱਜ ਗਿਆ। ਜੰਗਲ ਵਿਚ ਝੁੱਗੀ ਸੀ, ਅਤੇ ਉਸ ਝੁਗੀ ਵਿਚ ਇਕ ਬਹੁਤ ਬਿਰਧ, ਬਹੁਤ ਹੀ ਬਿਰਧ ਮਾਈ ਬੈਠੀ ਹੋਈ ਸੀ, ਕਿਸਾਨ ਸੈਨਕਾਂ ਦੀ ਮਾਂ, ਜੋ ਕੱਤ



Sri Satguru Jagjit Singh Ji eLibrary NamdhariElibrary@gmail.com

ਰਹੀ ਸੀ ਨਾਲੇ ਰੋ ਰਹੀ ਸੀ। ਜਦੋਂ ਉਹ ਕੱਤਦੀ ਸੀ ਤਾਂ ਤੰਦ ਨੂੰ ਗਿੱਲਾ ਕਰਨ ਲਈ ਉਹ ਥੁੱਕ ਦੀ ਥਾਂ ਤੇ ਅੱਖਾਂ ਦੇ ਹੰਝੂ ਵਰਤਦੀ ਸੀ। ਜਦੋਂ ਬਿਰਧ ਮਾਈ ਨੇ ਐਮੇਲੀਯਾਨ ਨੂੰ ਦੇਖਿਆ ਤਾਂ ਉਹ ਉਸਨੂੰ ਝਿੜਕ ਕੇ ਪਈ, "ਤੂੰ ਏਥੇ ਕਿਉਂ ਆਇਆ ਹੈਂ ?" ਤਦ ਐਮੇਲੀਯਾਨ ਨੇ ਉਸਨੂੰ ਕੱਤਨੀ ਦਿਤੀ ਅਤੇ ਕਿਹਾ ਕਿ ਉਸਦੀ ਪਤਨੀ ਨੇ ਉਸਨੂੰ ਏਥੇ ਭੇਜਿਆ ਹੈ।"

ਮਾਈ ਝੱਟ ਸ਼ਾਂਤ ਹੋ ਗਈ ਅਤੇ ਉਸ ਤੋਂ ਗੱਲਾਂ ਪੁੱਛਣ ਲੱਗੀ। ਅਤੇ ਐਮੇਲੀਯਾਨ ਨੇ ਉਸਨੂੰ ਆਪਣਾ ਸਾਰਾ ਜੀਵਨ ਬਰਤਾਂਤ ਸੁਣਾ ਦਿੱਤਾ—ਕਿਵੇਂ ਉਸਨੇ ਮੁਟਿਆਰ ਦੇ ਨਾਲ ਵਿਆਹ ਕਰਵਾਇਆ, ਕਿਵੇਂ ਉਹ ਰਹਿਣ ਦੇ ਲਈ ਸ਼ਹਿਰ ਚਲੇ ਗਏ, ਕਿਵੇਂ ਉਸਨੇ ਕੰਮ ਕੀਤਾ, ਅਤੇ ਮਹਿਲ ਵਿਚ ਉਸਨੇ ਕੀ ਕੀ ਕੀਤਾ, ਕਿਵੇਂ ਉਸਨੇ ਕਥੈਡਰਲ ਉਸਾਰਿਆ, ਅਤੇ ਨਦੀ ਬਣਾਈ ਸਮੇਤ ਜਹਾਜ਼ਾਂ ਦੇ, ਅਤੇ ਕਿਵੇਂ ਹੁਣ ਰਾਜੇ ਨੇ ਉਸਨੂੰ ਕਿਹਾ ਹੈ ਉਹ 'ਓਥੇ ਜਾਵੇ, ਪਤਾ ਨਹੀਂ ਕਿਥੇ, ਅਤੇ "ਉਹ" ਲੈ ਕੇ ਆਵੇ ਪਤਾ ਨਹੀਂ ਕੀ।"

ਮਾਈ ਨੇ ਅੰਤ ਤੱਕ ਸਾਰੀ ਵਾਰਤਾ ਸੁਣੀ, ਅਤੇ ਰੋਣਾ ਬੰਦ ਕਰ ਦਿਤਾ। ਆਪ ਆਪ ਨਾਲ ਕੁਝ ਬੁੜਬੁੜ ਜਿਹਾ ਕੀਤਾ। "ਅਵੱਸ਼ ਹੀ ਉਹ ਸਮਾਂ ਆ ਗਿਆ ਹੈ," ਫੇਰ ਉਸਨੂੰ ਕਿਹਾ, "ਠੀਕ ਹੈ ਮੇਰੇ ਪੁਤਰਾ ਹੁਣ ਬੈਠ ਜਾ ਮੈਂ ਤੇਰੇ ਲਈ ਕੁਝ ਆਹਾਰ ਲੈ ਕੇ ਆਂਦੀ ਹਾਂ।"

ਐਮੇਲੀਯਾਨ ਨੇ ਖਾਣਾ ਖਾਧਾ, ਫੇਰ ਮਾਈ ਨੇ ਉਸਨੂੰ ਦਸਿਆ ਕਿ ਕਰਨਾ ਕੀ ਹੈ। ਉਸਨੇ ਕਿਹਾ, "ਆਹ ਇਕ ਗਲੋਟਾ ਹੈ, ਇਸਨੂੰ ਆਪਣੇ ਅਗੇ ਅਗੇ ਰੋੜ੍ਹਦਾ ਜਾ ਅਤੇ ਜਿਥੇ ਨੂੰ ਜਾਂਦਾ ਹੈ ਇਸ ਦੇ ਪਿਛੇ ਪਿਛੇ ਜਾ। ਦੂਰ ਜਾਣਾ ਹੋਵੇਗਾ, ਸਮੁੰਦਰ ਤੀਕ। ਜਦੋਂ ਤੂੰ ਉਥੇ ਪੁੱਜੇਂਗਾ ਤਾਂ ਇਕ ਵੱਡਾ ਸ਼ਹਿਰ ਦਿਖਾਈ ਦੇਵੇਗਾ। ਸ਼ਹਿਰ ਵਿਚ ਦਾਖਲ ਹੋਕੇ ਇਕ ਦੁਰਾਡੇ ਘਰ ਵਿਚ ਵਿਚ ਰਾਤ ਗੁਜ਼ਾਰਨ ਲਈ ਬੇਨਤੀ ਕਰੀਂ। ਉਥੇ ਆਪਣੀ ਲੋੜੀਂਦੀ ਵਸਤੂ ਦੀ ਭਾਲ ਕਰੀਂ।"

ਮਾਈ, ਮੈਨੂੰ ਦੇਖ ਕੇ ਪਤਾ ਕਿੰਝ ਲੱਗੇਗਾ ? ਉਸਨੇ ਪੁਛਿਆ।

"ਜਦੋਂ ਤੂੰ ਦੇਖੇਂਗਾ ਕਿ ਕਿਸੇ ਚੀਜ਼ ਦੀ ਆਗਿਆ ਦਾ ਪਾਲਨ ਲੋਕ ਮਾਂ ਅਤੇ ਬਾਪ ਦੀ ਆਗਿਆ ਦੇ ਨਾਲੋਂ ਵੀ ਵਧ ਕਰਦੇ ਹਨ, ਤਾਂ ਇਹ ਉਹੋ ਵਸਤ ਹੋਵੇਗੀ। ਉਸਨੂੰ ਨੱਪ ਲਵੀਂ ਅਤੇ ਰਾਜੇ ਦੇ ਪਾਸ ਲੈ ਜਾਵੀਂ। ਜਦੋਂ ਤੂੰ ਉਹਨੂੰ ਰਾਜੇ ਦੇ ਪੇਸ਼ ਕਰੇਂਗਾ ਤਾਂ ਉਹ ਕਹੇਗਾ ਕਿ ਇਹ ਸਹੀ ਚੀਜ਼ ਨਹੀਂ ਹੈ, ਤਾਂ ਤੂੰ ਕਹੀਂ, "ਜੇਕਰ ਇਹ ਸਹੀ ਚੀਜ਼ ਨਹੀਂ ਹੈ ਤਾਂ ਇਸਨੂੰ ਤੋੜ ਦਿਤਾ ਜਾਵੇ", ਅਤੇ ਤੂੰ ਇਸਨੂੰ ਕੁੱਟਦਾ ਕੁੱਟਦਾ ਨਦੀ ਪਾਸ ਲੈ ਜਾਵੀਂ, ਭੰਨਕੇ ਟੁੱਕੜੇ ਟੁਕੜੇ ਕਰ ਦੇਵੀਂ ਅਤੇ ਪਾਣੀ ਵਿਚ ਸੁੱਟ ਦੇਵੀਂ। ਤਦ ਤੂੰ ਆਪਣੀ ਪਤਨੀ ਨੂੰ ਮੁੜ ਪਰਾਪਤ ਕਰ ਸਕੇਂਗਾ ਅਤੇ ਮੇਰੇ ਹੰਝੂ ਮੁਕ ਜਾਣਗੇ।"

ਐਮੇਲੀਯਾਨ ਨੇ ਮਾਈ ਪਾਸੋਂ ਵਿਦਾ ਲਈ ਅਤੇ ਗਲੋਟੇ ਨੂੰ ਆਪਣੇ ਅੱਗੇ ਅੱਗੇ ਰੋੜ੍ਹਨਾ ਸ਼ੁਰੂ ਕਰ ਦਿਤਾ। ਉਹ ਰੋੜ੍ਹਦਾ ਗਿਆ, ਰੋੜ੍ਹਦਾ ਗਿਆ, ਕਿ ਅਖ਼ੀਰ ਨੂੰ ਸਮੁੰਦਰ ਤੀਕ ਪੁੱਜ ਗਿਆ। ਸਮੁੰਦਰ ਦੇ ਤੱਟ ਤੇ ਇਕ ਵੱਡਾ ਸ਼ਹਿਰ ਸੀ ਅਤੇ ਸ਼ਹਿਰ ਦੇ ਅਖ਼ੀਰ ਤੇ ਇਕ ਵੱਡਾ ਘਰ ਸੀ। ਓਥੇ ਐਮੇਲੀਯਾਨ ਨੇ ਰਾਤ ਕੱਟਣ ਲਈ ਬੇਨਤੀ ਕੀਤੀ ਅਤੇ ਬੇਨਤੀ ਮੰਨ ਲਈ ਗਈ। ਉਹ ਸੌਣ ਦੇ ਲਈ ਲੇਟ ਗਿਆ, ਸਵੇਰੇ ਜਦੋਂ ਜਾਗਿਆ ਤਾਂ ਸੁਣਿਆ ਕਿ ਇਕ ਪਿਤਾ ਆਪਣੇ ਪੁਤਰ ਨੂੰ ਜੰਗਲ ਤੋਂ ਬਾਲਣ ਲਈ ਲਕੜਾਂ ਲਿਆਣ ਦੇ ਲਈ ਜਗਾ ਰਿਹਾ ਸੀ।

ਪਰ ਪੁਤਰ ਨੇ ਆਗਿਆ ਨਹੀਂ ਮੰਨੀ। "ਅਜੇ ਬਹੁਤ ਸਾਝਰਾ ਹੈ", ਉਸਨੇ ਕਿਹਾ ਸੀ, "ਅਜੇ ਬੜਾ ਵਕਤ ਹੈਗਾ।" ਫੇਰ ਐਮੇਲੀਯਾਨ ਨੇ ਸੁਣਿਆ, ਮਾਂ ਕਹਿ ਰਹੀ ਸੀ, "ਜਾ ਮੇਰੇ ਲਾਲ, ਤੇਰੇ ਪਿਤਾ ਦਾ ਸਰੀਰ ਵੱਲ ਨਹੀਂ ਹੈ; ਕੀ ਤੂੰ ਚਾਂਹਦਾ ਹੈ ਕਿ ਉਹੀ ਜਾਵੇ ? ਉਠ ਜਾਣ ਦਾ ਸਮਾਂ ਹੋ ਚੁੱਕਾ ਹੈ। ਪਰ ਪੁੱਤਰ ਨੇ ਕੇਵਲ ਕੁਝ ਮਿਣ ਮਿਣ ਜਹੀ ਕੀਤੀ ਅਤੇ ਮੁੜ ਸੌਂ ਗਿਆ। ਉਹ ਅਜੇ ਸੁੱਤਾ ਹੀ ਸੀ ਕਿ ਗਲੀ ਵਿਚ ਕੋਈ ਚੀਜ਼ ਗਰਜੀ ਅਤੇ ਖੜਾਕ ਹੋਇਆ। ਪੁੱਤਰ ਝੱਟ ਦੇਣ ਉਠ ਖਲੋਤਾ, ਛੇਤੀ ਨਾਲ ਕੱਪੜੇ ਪਹਿਨੇ ਅਤੇ ਗਲੀ ਵੱਲ ਨੂੰ ਨੱਸ ਗਿਆ। ਐਮੇਲੀਯਾਨ ਵੀ ਛੇਤੀ ਦੇਣੇ ਉਠਿਆ ਅਤੇ ਮੁੰਡੇ ਦੇ ਮਗਰ ਇਹ ਦੇਖਣ ਦੇ ਲਈ ਦੌੜਿਆ ਕਿ ਉਹ ਕੀ ਚੀਜ਼ ਹੈ ਜਿਸ ਦੀ ਆਗਿਆ ਪੁਤਰ ਮਾਂ ਬਾਪ ਨਾਲੋਂ ਵੀ ਵਧ ਮੰਨਦਾ ਹੈ। ਉਸਨੇ ਕੀ ਦੇਖਿਆ ਕਿ ਇਕ ਬੰਦਾ ਗਲੀ ਵਿਚ ਜਾ ਰਿਹਾ ਹੈ, ਜਿਸਨੇ ਆਪਣੇ ਪੇਟ ਤੇ ਕੋਈ ਚੀਜ਼ ਬੰਨ੍ਹੀ ਹੋਈ ਹੈ, ਜਿਸਨੂੰ ਉਹ ਡੰਡਿਆਂ ਨਾਲ ਕੁੱਟ ਰਿਹਾ ਹੈ, ਅਤੇ ਇਹ ਉਹੋ ਹੈ ਜੋ ਕਿ ਗਰਜ ਰਹੀ ਹੈ ਅਤੇ ਖੜਾਕ ਕਰ ਰਹੀ ਹੈ ਜਿਸ ਦੀ ਪਾਲਨਾ ਕਿ ਪੁੱਤਰ ਨੇ ਕੀਤੀ ਹੈ। ਐਮੇਲੀਯਾਨ ਨੇ ਦੌੜ ਕੇ ਜਾ ਕੇ ਉਸਨੂੰ ਦੇਖਿਆ। ਉਸਨੇ ਦੇਖਿਆ ਕਿ ਇਹ ਗੋਲ ਸੀ, ਇਕ ਨਿੱਕੇ ਟੱਬ ਦੀ ਤਰ੍ਹਾਂ, ਜਿਸ ਦੇ ਦੋਵਾਂ ਸਿਰਿਆਂ ਤੇ ਚਮੜਾ ਮੜ੍ਹਿਆ ਹੋਇਆ ਸੀ, ਅਤੇ ਉਸਨੇ ਪੁਛਿਆ ਕਿ ਇਸਨੂੰ ਕੀ ਕਿਹਾ ਜਾਂਦਾ ਹੈ।

"ਇਹ ਢੋਲ ਹੈ।" ਉਸਨੂੰ ਦਸਿਆ ਗਿਆ।

"ਅਤੇ ਕੀ ਇਹ ਖ਼ਾਲੀ ਹੈ ?"

"ਹਾਂ, ਇਹ ਖ਼ਾਲੀ ਹੈ।"



Sri Satguru Jagjit Singh Ji eLibrary NamdhariElibrary@gmail.com

ਐਮੇਲੀਯਾਨ ਹੈਰਾਨ ਰਹਿ ਗਿਆ। ਉਸਨੇ ਉਹ ਚੀਜ਼ ਮੰਗੀ ਪਰ ਮਿਲੀ ਨਾ। ਇਸ ਲਈ ਐਮੇਲੀਯਾਨ ਢੋਲੀ ਦੇ ਪਿਛੇ ਪਿਛੇ ਸੰਗਦਾ ਸੰਗਦਾ ਤੁਰ ਪਿਆ। ਸਾਰਾ ਦਿਨ ਉਹ ਪਿਛੇ ਪਿਛੇ ਚਲਦਾ ਰਿਹਾ, ਅਖੀਰ ਨੂੰ, ਜਦੋਂ ਢੋਲੀ ਸੌਣ ਲਈ ਲੇਟ ਗਿਆ, ਐਮੇਲੀਯਾਨ ਢੋਲ ਨੂੰ ਚੁੱਕ ਦੌੜ ਪਿਆ। ਉਹ ਦੌੜਦਾ ਗਿਆ, ਦੌੜਦਾ ਗਿਆ ਕਿ ਅਖ਼ੀਰ ਨੂੰ ਉਹ ਆਪਣੇ ਹੀ ਨਗਰ ਪੁੱਜ ਗਿਆ। ਉਹ ਆਪਣੀ ਪਤਨੀ ਨੂੰ ਮਿਲਨ ਗਿਆ, ਪਰ ਉਹ ਘਰ ਨਹੀਂ ਸੀ। ਉਸਦੇ ਤੁਰ ਜਾਣ ਤੋਂ ਅਗਲੇ ਹੀ ਦਿਨ ਰਾਜਾ ਉਸਨੂੰ ਲੈ ਗਿਆ ਸੀ। ਐਮੇਲੀਯਾਨ ਮਹਿਲੀਂ ਜਾ ਰਿਹਾ ਅਤੇ ਰਾਜੇ ਨੂੰ ਖ਼ਬਰ ਕੀਤੀ :—"ਉਹ ਪਰਤ ਆਇਆ ਜੋ "ਉਥੇ" ਨੂੰ ਗਿਆ ਸੀ, ਪਤਾ ਨਹੀਂ 'ਕਿਥੇ ਨੂੰ', ਅਤੇ ਉਹ ਆਪਣੇ ਨਾਲ "ਉਹ" ਲੈ ਆਇਆ ਹੈ, ਪਤਾ ਨਹੀਂ ਕੀ।"

"ਰਾਜੇ ਨੂੰ ਸੂਚਤ ਕੀਤਾ ਗਿਆ, ਅਤੇ ਉਸਨੇ ਮੁੜ ਅਗਲੇ ਦਿਨ ਆਉਣ ਦਾ ਹੁਕਮ ਕੀਤਾ।

ਪਰ ਐਮੇਲੀਯਾਨ ਨੇ ਕਿਹਾ, "ਰਾਜੇ ਨੂੰ ਦੱਸ ਦੇਵੋ ਕਿ ਅੱਜ ਮੈਂ ਆ ਗਿਆ ਹਾਂ ਅਤੇ ਜੋ ਕੁਝ ਰਾਜੇ ਨੇ ਕਿਹਾ ਸੀ ਉਹ ਕੁਝ ਮੈਂ ਲੈਕੇ ਆਇਆ ਹਾਂ। ਜਾਂ ਤਾਂ ਉਹ ਏਥੇ ਮੇਰੇ ਪਾਸ ਪਧਾਰੇ, ਨਹੀਂ ਮੈਂ ਆਪ ਅੰਦਰ ਉਸਦੇ ਪਾਸ ਜਾਵਾਂਗਾ।"

ਰਾਜਾ ਬਾਹਰ ਆਇਆ। "ਕਿਥੇ ਜਾ ਕੇ ਆਇਆ ਹੈਂ ਤੂੰ?" ਉਸਨੇ ਪੁਛਿਆ। ਐਮੇਲੀਯਾਨ ਨੇ ਉਤਰ ਦਿਤਾ।

"ਪਰ ਉਹ ਸਹੀ ਥਾਂ ਨਹੀਂ ਹੈ", ਰਾਜੇ ਨੇ ਕਿਹਾ। "ਲੈਕੇ ਕੀ ਆਇਆ ਹੈਂ?"

ਐਮੇਲੀਯਾਨ ਨੇ ਢੋਲ ਵੱਲ ਇਸ਼ਾਰਾ ਕੀਤਾ ਪਰ ਰਾਜੇ ਨੇ ਓਧਰ ਦੇਖਿਆ ਵੀ ਨਾਂਹ।

"ਇਹ ਉਹ ਨਹੀਂ ਹੈ।"

ਜੇਕਰ ਇਹ ਸਹੀ ਚੀਜ਼ ਨਹੀਂ, ਤਾਂ ਇਹ ਭੰਨ ਦਿਤੀ ਜਾਣੀ ਚਾਹੀਦੀ ਹੈ, ਜਾਵੇ ਜਹਨਮ ਵਿਚ", ਐਮੇਲੀਯਾਨ ਨੇ ਕਿਹਾ।

ਅਤੇ ਐਮੇਲੀਯਾਨ ਢੋਲ ਵਜਾਂਦਾ ਮਹਿਲ ਤੋਂ ਬਾਹਰ ਆ ਗਿਆ। ਅਤੇ ਜਦੋਂ ਉਸਨੇ ਡੱਗਾ ਲਗਾਇਆ ਤਾਂ ਰਾਜੇ ਦੀ ਸਾਰੀ ਸੈਨਾ ਐਮੇਲੀਯਾਨ ਦੇ ਪਿਛੇ ਪਿਛੇ ਦੌੜ ਪਈ। ਉਹਨਾਂ ਨੇ ਉਸਨੂੰ ਸਲਾਮੀ ਪੇਸ਼ ਕੀਤੀ ਤੇ ਆਗਿਆ ਦੀ ਉਡੀਕ ਕੀਤੀ।

ਰਾਜਾ ਆਪਣੀ ਖਿੜਕੀ ਵਿਚ ਖੜੋ ਕੇ ਆਪਣੀ ਸੈਨਾ ਨੂੰ ਚੀਕ ਚੀਕ ਕਿ ਕਹਿਣ ਲਗਾ ਕਿ ਐਮੇਲੀਯਾਨ ਦੇ ਮਗਰ ਨਾ ਜਾਣ। ਉਹਨਾਂ ਨੇ ਰਾਜੇ ਦੇ ਆਦੇਸ਼ਾਂ ਵਲ ਕੋਈ ਧਿਆਨ ਨਾ ਦਿਤਾ ਅਤੇ ਐਮੇਲੀਯਾਨ ਦੇ ਪਿਛੇ ਪਿਛੇ ਤੁਰਦੇ ਰਹੇ।

ਜਦੋਂ ਰਾਜੇ ਨੇ ਇਹ ਦੇਖਿਆ ਤਾਂ ਹੁਕਮ ਜਾਰੀ ਕੀਤੇ ਕਿ ਐਮੇਲੀਯਾਨ ਦੀ ਪਤਨੀ ਉਸਨੂੰ ਪਰਤਾ ਦਿਤੀ ਜਾਵੇ, ਅਤੇ ਉਸਨੇ ਐਮੇਲੀਯਾਨ ਪਾਸੋਂ ਉਹ ਢੋਲ ਮੰਗਿਆ।

"ਇਹ ਨਹੀਂ ਹੋ ਸਕਦਾ", ਐਮੇਲੀਯਾਨ ਨੇ ਕਿਹਾ ਮੈਨੂੰ ਕਿਹਾ ਗਿਆ ਹੈ ਕਿ ਇਸ ਨੂੰ ਭੰਨਕੇ ਇਸ ਦੇ ਟੁਕੜੇ ਨਦੀ ਵਿਚ ਸੁੱਟ ਦੇਵੇ।"

ਬਸ ਐਮੇਲੀਯਾਨ ਢੋਲ ਵਜਾਂਦਾ ਨਦੀ ਤੇ ਤੱਟ ਤੇ ਪੁੱਜਾ. ਸੈਨਾ ਉਸਦੇ ਪਿਛੇ ਪਿਛੇ ਗਈ। ਤੱਟ ਤੇ ਪੁੱਜ ਕੇ ਐਮੇਲੀਯਾਨ ਨੇ ਢੋਲ ਨੂੰ ਭੰਨਕੇ ਉਸਦੇ ਟੁਕੜੇ ਨਦੀ ਵਿਚ ਸੁਟ ਦਿਤੇ। ਤਦ ਕੀ ਹੋਇਆ ਕਿ ਸਾਰੇ ਦੇ ਸਾਰੇ ਸੈਨਕ ਅਲੋਪ ਹੋ ਗਏ।

ਐਮੇਲੀਯਾਨ ਆਪਣੀ ਪਤਨੀ ਨੂੰ ਲੈ ਕੇ ਘਰ ਪਰਤਿਆ ਅਤੇ ਉਸਤੋਂ ਬਾਅਦ ਰਾਜੇ ਨੇ ਉਸਨੂੰ ਕਦੇ ਤੰਗ ਨਹੀਂ ਕੀਤਾ, ਬਸ ਉਹ ਸੁਖ ਚੈਨ ਨਾਲ, ਪਤੀ ਪਤਨੀ, ਜੀਵਨ ਬਤੀਤ ਕਰਦੇ ਰਹੇ।

×

REPUTED MANUFACTURER OF :
SUPERIOR QUALITY
SINGLE BARREL &
DOUBLE BARREL
B. L. 12 BORE
GUNS
Grams : SNIPER
Phone : 3505
MODERN GUN WORKS
Opp. Industrial Estate.
JAMMU CANTT.



Sri Satguru Jagjit Singh Ji eLibrary NamdhariElibrary@gmail.com

# ਭਾਣਾ ਮੰਨਣ ਦਾ ਬਲ

**—ਜਗਦੀਸ਼ ਸਿੰਘ**

ਜਦੋਂ ਤੁਹਾਨੂੰ ਪੈਸਿਆਂ ਦੀ ਅਤਿ ਦੀ ਲੋੜ ਹੋਵੇ, ਜਦੋਂ ਸਾਰਿਆਂ ਪਾਸਿਆਂ ਤੋਂ ਜਵਾਬ ਮਿਲ ਜਾਵੇ ਤਾਂ ਇਸ ਲਾਚਾਰੀ ਬੇਬਸੀ ਵਿਚ ਇਨਸਾਨ ਦੀ ਹਾਲਤ ਦਾ ਅੰਦਾਜ਼ਾ ਲਾ ਸਕਦੇ ਹੋ । ਏਹੋ ਗਲ ਮੇਰੀ ਸੀ । ਅੱਜ ਕੁਛ ਵੀ ਹੋ ਸਕਦਾ ਸੀ । ਬੇਇਜ਼ਤੀ ਨਮੋਸ਼ੀ ਸੱਭ ਕੁਝ । ਐਨ ਇਸ ਵੇਲੇ ਮੈਨੂੰ ਇਕ ਹਜ਼ਾਰ ਰੁਪਏ ਦਾ ਡਰਾਫਟ ਮਿਲਿਆ । ਤੁਸੀਂ ਖੁਸ਼ੀ ਦਾ ਅੰਦਾਜ਼ਾ ਲਾ ਸਕਦੇ ਹੋ ਜਿਵੇਂ ਰੇਗਿਸਤਾਨ ਵਿਚ ਪਿਆਸੇ ਮਰ ਰਹੇ ਨੂੰ ਪਾਣੀ ਦਾ ਚਸ਼ਮਾ ਮਿਲ ਜਾਵੇ ।

ਪਰ ਮੈਨੂੰ ਇਸ ਇਕ ਹਜ਼ਾਰ ਤੋਂ ਖੁਸ਼ੀ ਨਸੀਬ ਨਾ ਹੋਈ । ਡਰਾਫਟ ਦੇ ਨਾਲ ਇਕ ਚਿਠੀ ਸੀ ਜਿਸ ਨੂੰ ਪੜ ਕੇ ਪੜ੍ਹ ਕੇ ਮੈਂ ਗੁੰਮ ਦਾ ਗੁੰਮ ਹੀ ਹੋ ਗਿਆ ।

"ਆਪ ਜੀ ਨੂੰ ਦੁਖਿਤ ਹਿਰਦੇ ਨਾਲ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਸੇਵ ਸਿੰਘ ਜੋ ੧੫ ਸਾਲ ਦਾ ਸੀ ਤਾਰੀਖ ੩੦-੯-੯੦ ਦਿਨ ਐਤਵਾਰ ਨੂੰ ਇਥੇ ਇਕ ਤਾਲਾਬ ਵਿਚ ਕਮਲ ਦੇ ਫੁਲ ਤੋੜਣ ਲਗਿਆਂ ਪਾਣੀ ਵਿਚ ਡੁੱਬ ਜਾਣ ਨਾਲ ਅਕਾਲ ਚਲਾਣਾ ਕਰ ਗਿਆ । ਓਸਦੇ ਨਮਿਤ ਰਖੇ ਪਾਠ ਦਾ ਭੋਗ ੭-੧੦-੯੦ ਨੂੰ ਪਾਇਆ ਗਿਆ । ਧਰਮ ਅਰਥ ਕੱਢੀ ਮਾਇਆ ਵਿਚੋਂ ੧੦੦੦/- ਦਾ ਡਰਾਫਟ ਆਪ ਜੀ ਨੂੰ ਭੇਜ ਰਿਹਾ ਹਾਂ । ਸੱਚੇ ਪਾਤਸ਼ਾਹ ਅਗੇ ਅਰਦਾਸ ਹੈ ਕਿ ਉਸ ਦੀ ਜੀਵਾਤਮਾ ਨੂੰ ਅਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਸਾਨੂੰ ਪਰਿਵਾਰ ਨੂੰ ਭਾਣਾ ਮਨਣ ਦਾ ਬਲ ਬਖਸ਼ਨ ।

ਆਪ ਜੀ ਦਾ

ਅਜੀਤ ਸਿੰਘ ਨਾਮਧਾਰੀ

ਡਾਲਟਨ ਗੰਜ ।

ਅਜੀਤ ਸਿੰਘ ਨਾਲ ਮੇਰੀ ਪਿਛਲੇ ੨੬ ਸਾਲਾਂ ਤੋਂ ਵਾਕਫੀਅਤ ਹੈ । ਉਹ ਉਦੋਂ ਪਤਲਾ ਜਿਹਾ ਨੌਜਵਾਨ ਸੀ । ਜਦੋਂ ਉਹ ਸ੍ਰੀ ਭੈਣੀ ਸਾਹਿਬ ਵਿਦਿਅਕ ਸਮੇਲਨ ਤੇ ਆਇਆ ਸੀ । ਉਹ ਤਕਰੀਰ ਵੀ ਕਰਦਾ ਸੀ । ਡਾਲਟਨ ਗੰਜ ਵਾਲੇ ਮਸ਼ਹੂਰ ਨਾਮਧਾਰੀ ਸੇਠ ਭਰਾਵਾਂ ਚੋਂ ਉਹ ਸਭ ਤੋਂ ਛੋਟਾ ਹੈ ਅਤੇ ਇਸੇ ਕਰਕੇ ਲਾਡਲਾ ਵੀ । ਬਿਹਾਰ ਦੀ ਰਾਜ-ਨੀਤੀ ਵਿਚ ਜਿਸ ਸ: ਇੰਦਰ ਸਿੰਘ ਨਾਮਧਾਰੀ ਦੇ ਅਖਬਾਰਾਂ ਵਿਚ ਚਰਚੇ ਰਹਿੰਦੇ ਹਨ ਅਜੀਤ ਸਿੰਘ ਉਸੇ ਇੰਦਰ ਸਿੰਘ ਨਾਮਧਾਰੀ ਦਾ ਹੀ ਛੋਟਾ ਭਰਾ ਹੈ । ਸਾਰੇ ਹੀ ਭਰਾ ਤਗੜਾ ਸਮਾਜਕ ਅਤੇ ਆਰਥਕ ਰੁਤਬਾ ਰਖਦੇ ਹਨ । ਸਭ ਭਰਾਵਾਂ ਚੋਂ ਸਭ ਤੋਂ ਛੋਟਾ ਅਤੇ ਲਾਡਲਾ ਸ: ਅਜੀਤ ਸਿੰਘ ਸਾਰੇ ਭਰਾਵਾਂ ਦੇ ਪਰਿਰਾਰ ਦਾ ਮੋਹ ਪ੍ਰਾਪਤ ਕਰਨ ਵਾਲਾ ਹਰਮਨ ਪਿਆਰਾ ਹੈ । ਪਰ ਸਾਰੇ ਪਰਿਵਾਰ ਦਾ ਸਨੇਹ ਜਿਤਣ ਵਾਲਾ ਅਜੀਤ ਸਿੰਘ ਸਫਲ ਕਾਰੋਬਾਰੀ ਹੋਣ ਦੇ ਬਾਵਜੂਦ ਜਿੰਦਗੀ ਦੀਆਂ ਬਹੁਤ ਤਲਖ ਹਕੀਕਤਾਂ ਵਿਚੋਂ ਲੰਘਦਾ ਰਿਹਾ ਹੈ ।

ਪਹਿਲਾ ਝੱਟਕਾ ਉਸ ਨੂੰ ਉਦੋਂ ਲਗਾ ਜਦੋਂ ਉਸ ਦੀ ਜਵਾਨ ਜਹਾਨ ਪਤਨੀ ਚੜਾਈ ਕਰ ਗਈ । ਦੂਸਰੀ ਸਾਥਨ ਉਸ ਨੂੰ ਬਹੁਤ ਸੁਘੜ ਸਿਆਣੀ ਅਤੇ ਪ੍ਰਭਾਵਸ਼ਾਲੀ ਸ਼ਖਸੀਅਤ ਦੀ ਮਿਲੀ ਪਰ ਉਹ ਇਕ ਐਸੇ ਐਕਸੀਡੈਂਟ ਵਿਚੋ ਬਚੀ ਜਿਸ ਨੇ ਉਹਦੀ ਸ਼ਕਲ ਅਤੇ ਜਵਾਨੀ ਪਹਿਲੀ ਪਛਾਣ ਤੋਂ ਬਿਲਕੁਲ ਉਲਟ ਕਰ ਦਿਤੀ । ਹੁਣ ਉਸ ਦਾ ਜਵਾਨ ਪੁਤਰ ਰੱਬ ਨੂੰ ਪਿਆਰਾ ਹੋ ਗਿਆ । ਇਹ ਸਾਰੇ ਸਦਮੇ ਮੇਰੇ ਵਰਗੇ ਆਦਮੀ ਦੇ ਦਿਲ ਤੇ ਗਹਿਰਾ ਅਸਰ ਪਾਉਣ ਵਾਲੇ ਹਨ । ਅਜੀਤ ਸਿੰਘ ਦੀਆਂ ਦੋ ਲੜਕੀਆਂ ਹਨ ਪਰ ਪੁਤਰ ਦਾ ਵਿਛੋੜਾ ਸਾਰੇ ਸਮਾਜ ਵਿਚ ਬਹੁਤ ਸ਼ੋਕਮਈ ਮੰਨਿਆ ਜਾਂਦਾ ਹੈ । ਮੈਂ ਬਹੁਤ ਦੇਰ ਤਕ ਗੁਮ ਸੁਮ ਰਿਹਾ । ਸਾਰੇ ਗਿਆਨ ਧਿਆਨ ਦੇ ਬਾਵਜੂਦ ਬਹੁਤ ਦੇਰ ਤਕ ਹਾਲਤ ਭੈੜੀ ਰਹੀ ।

ਅਜੀਤ ਸਿੰਘ ਦਿਲੀ ਵਿਚ ਮੈਨੂੰ ਮਿਲਿਆ ਨਾਲ ਹੀ ਘਰੋਂ ਬੀਬੀ ਵੀ ਸੀ । ਮੈਨੂੰ ਮਿਲਣ ਤੇ ਬਹੁਤ ਧਰਵਾਸ ਮਿਲੀਆ ਕਿ ਉਹ ਦੋਵੇ ਜੀਅ ਸਹੀ ਅਰਥਾਂ ਵਿਚ ਭਾਣੇ ਨੂੰ ਸਵਿਕਾਰ ਰਹੇ ਹਨ । ਅਹਿਲ ਤੇ ਅਡੋਲ । ਮਿਲਣ ਵਾਲਿਆਂ ਨੂੰ ਹਿੰਮਤ ਦੇਣ ਵਾਲੇ । ਉਹਨਾਂ ਦੇ ਇਸ ਉਚ ਹੌਸਲੇ ਦੀ ਚਾਰੇ ਪਾਸੇ ਰਿਸ਼ਤੇਦਾਰਾਂ ਵਿਚ ਚਰਚਾ ਸੀ । ਉਹ ਕਹਿੰਦੇ ਸਤਿਗੁਰਾਂ ਨੇ ਅਜੀਤ ਸਿੰਘ ਕਿਆਂ ਨੂੰ ਅੰਦਰੋਂ ਨੱਥ ਦੇ ਕੇ ਬਚਾਇਆ ਹੈ ।

ਅਜੀਤ ਸਿੰਘ ਨੇ ਕੋਈ ਰਬ ਨੂੰ ਉਲਾਹਮਾ ਨਹੀਂ ਦਿਤਾ । 'ਗਿਰਹੀ ਉਦਾਸੀ ਸੋ ਪਰਵਾਣੁ' ਦੇ ਸਰੂਪ ਨੂੰ ਮੂਰਤੀ ਮਾਨ ਕੀਤਾ ਹੈ । ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਸ਼ਬਦ ਦੇ ਸੰਕਲਪ ਵਰਗੀ ਅਦੀਤ ਸਿੰਘ ਜੋੜੀ ਮੈਨੂੰ ਦ੍ਰਿਸ਼ਟਮਾਨ ਹੋਈ ।

ਉਲਾਹਨੋ ਮੈ ਨ ਕਾਹੂ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ ਰਹਾਉ ॥ ਆਗਿਆ ਮਾਨਿ ਜਾਨਿ ਸੁਖ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥ ਈਹਾਂ ਊਹਾ ਹਰਿ ਤੁਮਹੀ ਤੁਮਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥੧॥ ਜਬ ਤੇ ਜਾਨਿ ਪਾਈ ਏਹ ਬਾਤਾ, ਤਬ ਕੁਸਲ ਖੇਮ ਸਭ ਥੀਓ ॥ ਸਾਧ ਸੰਗਿ ਨਾਨਕ ਪਰਗਾਸਿਓ, ਆਨ ਨਾਹੀ ਰੇ ਬੀਓ ॥



Sri Satguru Jagjit Singh Ji eLibrary NamdhariElibrary@gmail.com

# ਥਾਈ ਬਾਦਸ਼ਾਹ ਦਾ ਜਨਮ ਦਿਨ



ਇੰਡੋ ਥਾਈ ਫਰੈਂਡਸ਼ਿਪ ਐਸੋਸੀਏਸ਼ਨ ਵਲੋਂ ਸ੍ਰੀ ਹਰੀ ਪ੍ਰਤਾਪ ਬਾਗ, ਦਿਲੀ ਗੜਗਾਓਂ ਰੋਡ ਤੇ ਥਾਈ ਬਾਦਸ਼ਾਹ ਦਾ ਜਨਮ ਦਿਨ ਪਿਛਲੇ ਦਿਨੀਂ ਮਨਾਇਆ ਗਿਆ । ਤਸਵੀਰ ਵਿਚ ਐਸੋਸੀਏਸ਼ਨ ਦੇ ਪ੍ਰਧਾਨ ਸੇਠ ਤਰਲੋਕ ਸਿੰਘ ਚਾਵਲਾ, ਥਾਈ ਰਾਜਦੂਤ ਸ੍ਰੀ ਨਿਕੋਰਨ ਪਰਾਈਸੈਂਗ ਪਿਚ ਦਾ ਸੁਆਗਤ ਕਰਦੇ ਹੋਏ । ਨਾਲ ਖੜੇ ਹਨ ਸੇਠ ਸੰਤੋਖ ਸਿੰਘ ਚਾਵਲਾ ।



ਸਮਾਗਮ ਦੇ ਮੁਖ ਮਹਿਮਾਨ ਸ੍ਰੀ ਓਮ ਪ੍ਰਕਾਸ਼ ਚੋਟਾਲਾ ਦੇ ਨਾਲ ਸੇਠ ਤਰਲੋਕ ਸਿੰਘ ਚਾਵਲਾ



Sri Satguru Jagjit Singh Ji eLibrary NamdhariElibrary@gmail.com

ਖ਼ ਬ ਰ ਨਾ ਮਾ

## ਸ਼ਤਾਬਦੀ ਸਮਾਗਮ ਜੰਗ-ਨਦੌਣ

ਗੁਰਦੁਆਰਾ ਪਾਤਸ਼ਾਹੀ ਦਸਵੀਂ, ਨਦੌਣ, ਜ਼ਿਲਾ ਹਮੀਰਪੁਰ ਹਮਾਚਲ ਪ੍ਰਦੇਸ਼ ਵਿਚ ੬ ਅਤੇ ੭ ਅਪਰੈਲ ੧੯੯੧ ਨੂੰ ਜੰਗ ਨਦੌਣ ਦਾ ੩੦੦ ਸਾਲਾ ਜਿੱਤ ਸਮਾਗਮ ਸ਼ਰਧਾ ਸਹਿਤ ਮਨਾਇਆ ਜਾ ਰਿਹਾ ਹੈ। ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਦੀ ਸਹਾਇਤ ਕਰਦੇ ਹੋਏ ਇਹ ਜੰਗ ਮੁਗਲ ਜਰਨੈਲ ਅਲਫ ਖਾਨ ਵਿਰੁਧ ਲੜੀ ਸੀ। ਇਕ ਦਿਨ ਦੀ ਜੰਗ ਪਿਛੋਂ ਅਲਫ ਖਾਨ ਰਾਤ ਨੂੰ ਮੈਦਾਨ ਛੱਡ ਕੇ ਭੱਜ ਗਿਆ। ਗੁਰੂ ਮਹਾਰਾਜ ਦੀ ਜਿੱਤ ਹੋਈ। ਸ਼ਤਾਬਦੀ ਕਮੇਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅਪ੍ਰੈਲ ੧੯੯੧ ਵਿਚ ਇਸ ਜੰਗ ਨੂੰ ੩੦੦ ਸਾਲ ਹੋ ਜਾਣਗੇ। ਜਿੱਤ-ਸਮਾਗਮ ਵਿਚ ਸ਼ਾਮਲ ਹੋਣ ਲਈ ਅੱਜ ਤੋਂ ਹੀ ਕਮਰ-ਕਸੇ ਕਰ ਲਓ।

ਇਸ ਅਵਸਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੫੧ ਅਖੰਡ ਪਾਠ ਕਰਵਾਏ ਜਾਣਗੇ। ਅਖੰਡ ਪਾਠ-ਲੜੀ ਇਕ ਜਨਵਰੀ ੧੯੯੧ ਤੋਂ ਆਰੰਭ ਕੀਤੀ ਜਾ ਰਹੀ ਹੈ। ਅੰਤਮ ਅਖੰਡ ਪਾਠ ਦਾ ਭੋਗ ੬ ਅਪ੍ਰੈਲ ੧੯੯੧ ਨੂੰ ੧੧ ਵਜੇ ਪਾਇਆ ਜਾਵੇਗਾ।

੬ ਅਪਰੈਲ ੧੯੯੧ ਨੂੰ ਤਿੰਨ ਵਜੇ ਬਾਅਦ ਦੁਪਹਿਰ ਗਰਦੁਆਰਾ ਸਾਹਿਬ ਨਦੌਣ ਵਿਖੇ ਇਕ ਇਤਿਹਾਸਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਜੰਗ-ਨਦੌਣ ਬਾਰੇ ਹੇਠ ਲਿਖੇ ਵਿਦਵਾਨ ਆਪਣੇ ਲੇਖ ਪੜ੍ਹਨਗੇ। ਉਪਰੰਤ ਇਨਾਂ ਲੇਖਾਂ ਉਤੇ ਵਿਚਾਰ-ਚਰਚਾ ਹੋਵੇਗੀ।

੧. ਪ੍ਰੋ. ਪਿਆਰਾ ਸਿੰਘ ਪਦਮ, ਪਟਿਆਲਾ।
੨. ਡਾ. ਦੇਵਿੰਦਰ ਕੁਮਾਰ ਵਰਮਾ, ਪੰਜਾਬੀ ਯੂਨੀਵਰਸਟੀ, ਪਟਿਆਲਾ।
੩. ਪ੍ਰੋ. ਸੁਖਦਿਆਲ ਸਿੰਘ ਪੰਜਾਬੀ ਯੂਨੀ: ਪਟਿਆਲਾ
੪. ਡਾ. ਐਮ. ਐਸ. ਅੰਮ੍ਰਿਤ, ਗੁਰੂ ਨਾਨਕ ਦੇਵ ਯੂਨੀ:, ਅੰਮ੍ਰਿਤਸਰ।
੫. ਸ੍ਰੀ ਦੇਵਿੰਦਰ ਸਿੰਘ ਗਿੱਲ, ਜੀਆ ਨੱਥਾ (ਹੁਸ਼ਿਆਰਪੁਰ)
੬. ਸ. ਨਰਿੰਜਨ ਸਿੰਘ ਸਾਥੀ, ਜਲੰਧਰ

**ਕੀਰਤਨ ਦਰਬਾਰ ੭ ਅਪਰੈਲ ੧੯੯੧ ਸਵੇਰੇ ੧੦ ਵਜੇ ਆਰੰਭ ਹੋਵੇਗਾ।**

ਇਸ ਕੀਰਤਨ ਦਰਬਾਰ ਵਿਚ ਪ੍ਰਸਿਧ ਕੀਰਤਨੀ ਜੱਥੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਨਦੌਣ-ਜੰਗ ਬਾਰੇ ਕੁਝ ਲੈਕਚਰ ਤੇ ਭਾਸ਼ਨ ਵੀ ਹੋਣਗੇ।

ਗੁਰੂ ਕਾ ਲੰਗਰ ਅਤੁਟ ਵਰਤਾਇਆ ਜਾਵੇਗਾ ਇਸ ਉਪਰੰਤ ਸ਼ਤਾਬਦੀ ਸਮਾਗਮ ਦੀ ਸਮਾਪਤੀ ਹੋਵੇਗੀ

ਸ਼ਤਾਬਦੀ ਦੇ ਸੰਬੰਧ ਵਿਚ ਇਕੀ ਮੈਂਬਰੀ "ਜੰਗ-ਨਦੌਣ ਸ਼ਤਾਬਦੀ ਕਮੇਟੀ" ਦਾ ਗਠਨ ਕੀਤਾ ਗਿਆ ਹੈ ਜਿਸ ਵਿਚ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿਚੋਂ ਉਘੇ ਸ਼ਰਧਾਲੂ ਸ਼ਾਮਲ ਹਨ।

ਨਦੌਣ ਹੋਸ਼ਿਆਰਪੁਰ ਤੋਂ ੭੮ ਕਿਲੋਮੀਟਰ ਹੈ। ਹੋਸ਼ਿਆਰਪੁਰ ਤੋਂ ਨਦੌਣ, ਹਮੀਰਪੁਰ ਨੂੰ ਆਮ ਬਸਾਂ ਚਲਦੀਆਂ ਹਨ। ਚੰਡੀਗੜ੍ਹ ਤੋਂ ਨੰਗਲ ਅਤੇ ਊਨੇ ਵਿਚੋਂ ਵੀ ਨਦੌਣ ਨੂੰ ਬੱਸਾਂ ਜਾਂਦੀਆਂ ਹਨ।

ਅਖੰਡ ਪਾਠ ਜਾਂ ਕੋਈ ਹੋਰ ਸੇਵਾ ਕਰਨ ਦੀ ਖੁਸ਼ੀ ਪ੍ਰਾਪਤ ਕਰਨੀ ਹੋਵੇ ਤਾਂ ਗਿਆਨੀ ਹਰਬੰਸ ਸਿੰਘ, ਗੁਰਦੁਆਰਾ ਪਾਤਸ਼ਾਹੀ ਦਸਵੀਂ ਨਦੌਣ ਨਾਲ ਸੰਪਰਕ ਕਰਨ ਦੀ ਖੇਚਲ ਕੀਤੀ ਜਾਵੇ।

## ਸ. ਤਾਰਾ ਸਿੰਘ ਸ਼ਾਮ ਨਗਰ ਦਿਲੀ ਦੇ ਸਪੁਤਰ ਦਾ ਅਨੰਦ ਕਾਰਜ

ਸੰਤ ਤਾਰਾ ਸਿੰਘ B-29, ਸ਼ਾਮ ਨਗਰ, ਨਵੀਂ ਦਿਲੀ-18 ਦੇ ਸਪੁਤਰ ਕਾਕਾ ਜਸਪਾਲ ਸਿੰਘ ਦਾ ਅਨੰਦ ਕਾਰਜ ਬੀਬੀ ਨਰਿੰਦਰ ਕੌਰ ਸਪੁਤਰੀ ਸੰਤ ਮੋਹਣ ਸਿੰਘ ਸਾਹਿਬ ਪੁਰਾ ਦਿਲੀ ਨਾਲ ਮਿਤੀ ੨ ਨਵੰਬਰ ੯੦ ਨੂੰ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿਚ ਹੋਇਆ। ਇਸ ਅਵਸਰ ਤੇ ਵਰਿਆਮ ਨੂੰ ੫੦/- ਰੁ: ਸਹਾਇਤਾ ਦਿਤੀ ਹੈ।

## 'ਸਰਹਦੀ' ਸਪੁਤਰੀ ਦਾ ਅਨੰਦ ਕਾਰਜ

ਸ. ਬੇਅੰਤ ਸਿੰਘ ਸਰਹਦੀ ਸੰਪਾਦਕ ਤੇ ਸੰਚਾਲਕ ਹਫਤਾਵਾਰ 'ਸਿਮਰਨ' ਦੀ ਸਪੁਤਰੀ ਬੀਬੀ ਗੁਰਮਿੰਦਰ ਕੌਰ ਦਾ ਸ਼ੁਭ ਅਨੰਦ ਕਾਰਜ ਕਾਕਾ ਅਰਵਿੰਦਰਪਾਲ ਸਿੰਘ ਸਪੁਤਰ ਸ. ਸਰਦਾਰ ਸਿੰਘ ਜੀ ਕਪੂਰਥਲਾ ਨਾਲ ਸ਼ਨੀਵਾਰ, ੧੯ ਜਨਵਰੀ ਨੂੰ ਬਸਤੀ ਸ਼ੇਖ ਜਲੰਧਰ ਵਿਖੇ ਹੋਇਆ। ਬਰਾਤ ਦੇ ਸੁਆਗਤ ਵਾਸਤੇ ਭਾਰੀ ਗਿਣਤੀ ਵਿਚ ਲੇਖਕ, ਕਵੀ, ਪਤਰਕਾਰ, ਸਿਆਸੀ ਅਤੇ ਸਮਾਜੀ ਜਥੇਬੰਦੀਆਂ ਦੇ ਉਘੇ ਨੇਤਾ ਅਤੇ ਮਾਨਯੋਗ ਸ਼ਹਿਰੀ ਹਾਜ਼ਰ ਸਨ। ਬਰਾਤ ਦਾ ਸ਼ਬਦ ਕੀਰਤਨ ਨਾਲ ਸੁਆਗਤ ਕੀਤਾ ਗਿਆ। ਇਸ ਸ਼ੁਭ ਅਵਸਰ ਤੇ ਅਸੀਂ ਸ. ਬੇਅੰਤ ਸਿੰਘ ਸਰਹਦੀ, ਸ: ਮੋਹਨ ਸਿੰਘ ਸਹਿਗਲ, ਸ. ਰਾਜਾ ਸਿੰਘ ਤੇ ਹੋਰ ਪਰਿਵਾਰ ਨੂੰ ਵਧਾਈਆਂ ਅਰਪਿਤ ਕਰਦੇ ਬੀਬੀ ਦੇ ਸੁਖੀ ਗ੍ਰਹਿਸਥੀ ਜੀਵਨ ਲਈ ਅਰਦਾਸ ਕਰਦੇ ਹਾਂ।



Sri Satguru Jagjit Singh Ji eLibrary NamdhariElibrary@gmail.com

## ਸੰਤ ਗੁਰਬਖ਼ਸ਼ ਸਿੰਘ ਜੀ ਖੁਰਾਨਾ ਗੁਰਪੁਰੀ ਸਿਧਾਰ ਗਏ

ਵਰਿਆਮ ਦੇ ਜੀਵਨ ਮੈਂਬਰ ਸ. ਨਰਿੰਦਰ ਸਿੰਘ ਖੁਰਾਨਾ ਅਤੇ ਸ. ਸੁਖਬੀਰ ਸਿੰਘ ਖੁਰਾਨਾ ਦੇ ਪਿਤਾ ਜੀ ਸੰਤ ਗੁਰਬਖ਼ਸ਼ ਸਿੰਘ ਖੁਰਾਨਾ, ਨਾਮਧਾਰੀ ਕਲਾਥ ਇੰਪੋਰੀਅਮ



ਵਾਲੇ ੧੧ ਦਸੰਬਰ ੧੯੯੦ ਨੂੰ ਦਿਲੀ ਵਿਖੇ ਗੁਰਪੁਰੀ ਸਿਧਾਰ ਗਏ । ਸੰਤ ਗੁਰਬਖ਼ਸ਼ ਸਿੰਘ ਜੀ ਇਕ ਮਿਸਾਲੀ ਗੁਰਸਿਖ ਵਿਅਕਤੀ ਸਨ । ਉਹਨਾਂ ਦੀ ਯਾਦ ਵਿਚ ਇਕ ਵਿਸ਼ਾਲ ਸਮਾਗਮ ਮਿਤੀ ੨੩ ਦਸੰਬਰ ੧੯੯੦ ਨੂੰ ਕਿੰਗਜ਼ਵੇ ਕੈਂਪ ਦਿੱਲੀ ਵਿਚ ਹੋਇਆ ।

ਇਸ ਸਮਾਗਮ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਦਰਸ਼ਨ ਦਿਤੇ । ਸ. ਹਰਵਿੰਦਰ ਸਿੰਘ ਹੰਸਪਾਲ, ਸ: ਪ੍ਰੀਤਮ ਸਿੰਘ ਕਵੀ, ਮਾਸਟਰ ਨਿਹਾਲ ਸਿੰਘ ਜੀ ਅਤੇ ਹੋਰ ਸਭ ਵਰਗਾਂ ਦੇ ਪ੍ਰਮੁਖ ਵਿਅਕਤੀ ਅਤੇ ਰਿਸ਼ਤੇਦਾਰ ਆਏ ਹੋਏ ਸਨ । ਜਥੇਦਾਰ ਸੇਵਾ ਸਿੰਘ ਜੀ ਨੇ ਗਿਆਨ ਭਰਪੂਰ ਵਿਖਿਆਨ ਅਤੇ ਕੀਰਤਨ ਕੀਤਾ । ਇਕ ਘੰਟਾ ਨਾਮ ਸਿਮਰਨ ਹੋਇਆ । ਸੰਤਾਂ ਦੀ ਜੀਵ ਆਤਮਾ ਨਮਿਤ ਪਾਠਾਂ ਦੇ ਭੋਗ ਪਾਏ ਗਏ । ਸੰਤ ਹਰਭਜਨ ਸਿੰਘ ਦੇ ਜੱਥੇ ਨੇ ਰਸ ਭਿੰਨਾ ਕੀਰਤਨ ਕੀਤਾ ਅੰਤ ਉਤੇ ਸਤਿਗੁਰੂ ਜੀ ਨੇ ਪਵਿਤਰ ਉਪਦੇਸ਼ ਵਿਚ ਪਰਿਵਾਰ ਨੂੰ ਸੰਤ ਗੁਰਬਖ਼ਸ਼ ਸਿੰਘ ਜੀ ਦੇ ਦ੍ਰਿੜਾਏ ਮਾਰਗ ਤੇ ਚਲਣ ਦੀ ਪ੍ਰੇਰਨਾ ਦਿਤੀ । ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਵੱਡੇ ਸਪੁਤਰ ਸ: ਨਰਿੰਦਰ ਸਿੰਘ ਦੇ ਸਿਰ ਤੇ ਦਸਤਾਰ ਸਜਾਈ। ਲੰਗਰ ਗੁਰੂ ਕਾ ਅਤੁਟ ਵਰਤਿਆ ਅਤੇ ਧਾਰਮਕ ਤੇ ਸਮਾਜਕ ਕਾਰਜਾਂ ਵਾਸਤੇ ਮਾਇਆ ਅਰਦਾਸ ਕਰਾਈ ਗਈ । ਵਰਿਆਮ ਨੂੰ ੫੦੦/- ਰੁ: ਭੇਜੇ ਗਏ । ਅਸੀਂ ਸ: ਨਰਿੰਦਰ ਸਿੰਘ ਖੁਰਾਣਾ, ਸ: ਸੁਖਬੀਰ ਸਿੰਘ ਖੁਰਾਨਾ ਅਤੇ ਉਹਨਾਂ ਦੀ ਮਾਤਾ ਬੀਬੀ ਹਰਭਜਨ ਕੌਰ ਨਾਲ ਇਸ ਵਿਛੋੜੇ ਤੇ ਹਮਦਰਦੀ ਪ੍ਰਗਟ ਕਰਦੇ ਹਾਂ ।

—ਜਗਦੀਸ਼ ਸਿੰਘ

## ਨਵਯੁਗ ਫਾਰਮ ਦਿਲੀ ਵਿਚ ਦੋਸਤੀ ਦਾ ਜਸ਼ਨ

ਲੋਹੜੀ ਦੇ ਮੁਬਾਰਕ ਦਿਨ ੧੩ ਜਨਵਰੀ, ਐਤਵਾਰ, ਮਹਿਰੌਲੀ ਦੀ ਬੁਲੰਦ ਮੀਨਾਰ ਤੇ ਢੱਠੇ ਖੰਡਰਾਂ ਦੇ ਨੇੜੇ ਨਵਯੁਗ ਫਾਰਮ ਵਿਚ ਮਨਾਇਆ ਗਿਆ ।

ਸੁਰਿੰਦਰ ਕੌਰ ਦੇ ਗੀਤ ਧੁੱਪਾਂ ਨਾਲ ਨਹਾਤੀ ਹਰਿਆਵਲ ਵਿਚ ਗੂੰਜਦੇ ਰਹੇ । ਆਸਾ ਸਿੰਘ ਮਸਤਾਨਾ ਦੀ ਆਵਾਜ਼ ਸ੍ਰੋਤਿਆਂ ਨੂੰ ਕੀਲਦੀ ਰਹੀ । ਤਰਲੋਚਨ ਕੌਰ ਨੇ ਮੁਤਰੰਨਮ ਸਵਰਾਂ ਨਾਲ ਗਜ਼ਲਾਂ ਸੁਣਾਈਆਂ । ਏਸ ਸਾਲ ਸਾਹਿਤ ਅਕਾਦਮੀ ਐਵਾਰਡ ਜਿੱਤਣ ਵਾਲੀ ਮਹਿਬੂਬ ਕਵਿੱਤਰੀ ਮਨਜੀਤ ਟਿਵਾਣਾ ਅਤੇ ਅਨੁਵਾਦ ਵਿਚ ਅਕਾਡਮੀ ਐਵਾਰਡ ਪ੍ਰਾਪਤ ਕਰਤਾ ਸ੍ਰੀ ਅਮਰ ਭਾਰਤੀ ਦਾ ਸੁਆਗਤ ਕੀਤਾ ਗਿਆ ।

ਸਮਾਗਮ ਦੇ ਸੱਦੇ ਪੰਜਾਬੀ ਸਾਹਿਤ ਸਭਾ, ਦਿੱਲੀ ਵਲੋਂ ਕਰਤਾਰ ਸਿੰਘ ਦੁੱਗਲ ਅਤੇ ਭਾਪਾ ਪ੍ਰੀਤਮ ਸਿੰਘ ਵਲੋਂ ਭੇਜੇ ਗਏ ।

## ਗੁਰੂ ਰਵਿਦਾਸ ਗੁਰਦੁਆਰਾ ਦਾ ਨੀਹ ਪਥੱਰ

ਸ੍ਰੀ ਗੁਰੂ ਰਵਿਦਾਸ ਭਵਨ ਲਿੰਕ ਰੋਡ ਜਲੰਧਰ ਵਿਖੇ "ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ" ਦਾ ਨੀਂਹ ਪੱਥਰ ਮਿਤੀ ੯-੧-੧੯੯੧, ਦਿਨ ਬੁੱਧਵਾਰ ਨੂੰ ਸਵੇਰੇ ੯-੩੦ ਵਜੇ ੧੦੮ ਸੰਤ ਗਰੀਬ ਦਾਸ ਜੀ ਡੇਰਾ ਸੱਚ ਖੰਡ ਬੱਲਾਂ ਵਾਲੇ ਆਪਣੇ ਕਰ ਕਮਲਾਂ ਨਾਲ ਰਖਿਆ ਗਿਆ ।

ਇਸ ਦਿਨ ਨੀਂਹ ਰੱਖਣ ਵੇਲੇ ਗੰਗਾਮਾਈ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਲਈ ਕੰਗਣ ਭੇਟਾ ਭੇਜਣ ਵਾਲੀ ਜਗ੍ਹਾ ਤੋਂ ਪਵਿੱਤਰ ਗੰਗਾ ਜਲ ਅਤੇ ਬਨਾਰਸ ਤੇ ਚਿਤੌੜ ਤੋਂ ਗੁਰੂ ਜੀ ਦੇ ਚਰਨਾਂ ਦੀ ਛੁਹ ਪ੍ਰਾਪਤ ਪਾਵਨ ਮਿੱਟੀ ਲਿਆ ਕੇ ਇਸ ਸਥਾਨ ਨੂੰ ਪਵਿੱਤਰ ਕੀਤਾ ਗਿਆ ।

ਇਸ ਸ਼ੁਭ ਅਵਸਰ ਤੇ ਪੰਜਾਬ ਦੀ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ-ਸੁਸਾਇਟੀ ਦੇ ਸੰਤਾਂ ਮਹਾਤਮਾਵਾਂ ਵੀ ਸ਼ਾਮਲ ਹੋ ਕੇ ਆਪਣੀਆਂ ਸ਼ੁਭ ਕਾਮਨਾਵਾਂ ਦਿਤੀਆਂ ।

ਇਸ ਦਿਨ ਕਾਰ ਸੇਵਾ ਦਾ ਕੰਮ ਵੀ ਆਰੰਭ ਕੀਤਾ ਗਿਆ ।

ਸ੍ਰੀ ਗੁਰੂ ਰਵਿਦਾਸ ਟਰੱਸਟ ਦੇ ਪ੍ਰਧਾਨ ਚੌ: ਜਗਜੀਤ ਸਿੰਘ ਸਾਬਕਾ ਐਮ. ਐਲ. ਏ ਹਨ ।



Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਬਾਲ ਸਾਹਿਤ ਤੇ ਗੋਸ਼ਟੀ

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਐਤਵਾਰ ੬ ਜਨਵਰੀ ੧੯੯੧ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਪੰਜਾਬੀ ਬਾਲ ਸਾਹਿਤ ਤੇ ਗੋਸ਼ਟੀ ਕਰਵਾਈ ਗਈ । ਇਸ ਸਮੇਂ ਪੰਜਾਬ ਵਿਚ ਰਚੇ ਗਏ ਬਾਲ ਸਾਹਿਤ ਦੀ ਪ੍ਰਦਰਸ਼ਨੀ ਵੀ ਲਾਈ ਗਈ ।

## ਸੁਰੰਗ ਰਾਹੀਂ ਯੂਰਪ ਨਾਲ ਮਿਲਾਪ

ਇੰਗਲੈਂਡ ਅਤੇ ਫਰਾਂਸ ਦੇ ਇੰਜੀਨੀਅਰਾਂ ਨੇ ਇੰਗਲਿਸ਼ ਚੈਨਲ ਦੇ ਹੇਠਾਂ ਇਕ ਸੁਰੰਗ ਦੀ ਖੁਦਾਈ ਕਰ ਕੇ ਇੰਗਲੈਂਡ ਨੂੰ ਯੂਰਪ ਦੇ ਦੇਸ਼ਾਂ ਨਾਲ ਮਿਲਾ ਦਿਤਾ ਹੈ। ਇਹ ਸੁਰੰਗ, ਜੋ ਕਈ ਸਾਲਾਂ ਦੀ ਮਿਹਨਤ ਪਿਛੋਂ ਮੁਕੰਮਲ ਹੋਈ ਹੈ, ੨੧ ਮੀਲ ਲੰਬੀ ਹੈ। ਦੋਹਾਂ ਦੇਸ਼ਾਂ ਦੇ ਇੰਜੀਨੀਅਰਾਂ ਨੇ ਇਸ ਸੁਰੰਗ ਵਿਚ ਇਕ-ਦੂਜੇ ਨਾਲ ਮੁਲਾਕਾਤ ਕੀਤੀ। ਹੁਣ ਮੁਸਾਫਰ, ਹਵਾਈ ਜਹਾਜ਼ ਜਾਂ ਸਮੁੰਦਰੀ ਜਹਾਜ਼ ਦੇ ਬਿਨਾਂ ਹੀ ਇਸ ਸੁਰੰਗ ਰਾਹੀਂ ਆ ਜਾ ਸਕਣਗੇ । ੧੯੯੩ ਤਕ ਇਸ ਵਿਚ ਰੇਲ ਗੱਡੀਆਂ ਚਲਣੀਆਂ ਸ਼ੁਰੂ ਹੋ ਜਾਣਗੀਆਂ । ਮਾਹਿਰਾਂ ਦਾ ਕਹਿਣਾ ਹੈ ਕਿ ਲਗਭਗ ੮੦੦੦ ਸਾਲ ਪਹਿਲਾਂ ਭੂਗੋਲਿਕ ਉਥਲ-ਪੁਥਲ ਕਾਰਨ ਇੰਗਲੈਂਡ ਬਾਕੀ ਯੂਰਪ ਤੋਂ ਵੱਖ ਹੋ ਗਿਆ ਸੀ। ਉਸ ਸਮੇਂ ਤੋਂ ਇੰਗਲੈਂਡ ਅਤੇ ਯੂਰਪ ਦਰਮਿਆਨ ਆਉਣ-ਜਾਣ ਲਈ ਸਮੁੰਦਰੀ ਰਸਤੇ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਇਸ ਸੁਰੰਗ ਦੀ ਉਸਾਰੀ ਉਪਰ ੨ ਅਰਬ ਡਾਲਰ (੩੬ ਅਰਬ ਰੁਪਏ) ਖਰਚ ਹੋਏ ਹਨ। ਸਰਕਾਰੀ ਸੂਤਰਾਂ ਅਨੁਸਾਰ ਇਹ ਸੁਰੰਗ ਦੋਹਰੀ ਹੈ ਅਤੇ ਸਮੁੰਦਰ ਤੋਂ ੩੯ ਮੀਟਰ ਹੇਠਾਂ ਹੈ । ਪਿਛਲੇ ਸ਼ਨੀਵਾਰ ਨੂੰ ੧੨ ਵਿਅਕਤੀਆਂ ਦਾ ਇਕ ਗਰੁਪ ਇਕ ਪਾਸਿਓਂ ਦੂਜੇ ਪਾਸੇ ਗਿਆ। ਇਹ ਰਸਤਾ ਅਜੇ ਸਿਰਫ ਇਕ ਦਰਵਾਜ਼ੇ ਜਿੰਨਾ ਹੈ। ਇਹ ਦੋਹਰੀ ਸੁਰੰਗ ਹੈ ਤੇ ਹਰ ਸੁਰੰਗ ੭-੭ ਮੀਟਰ ਚੌੜੀ ਹੈ। ਇਹਨਾਂ ਦੇ ਦਰਮਿਆਨ ਇਕ ਸਰਵਿਸ ਟਨਲ ਹੈ ਜਿਸ ਦੇ ਰਾਹੀਂ ਹਰ ੫੦੦ ਮੀਟਰ ਦੀ ਦੂਰੀ ਤੇ ਦੂਜੀ ਸੁਰੰਗ ਵਿਚ ਜਾਇਆ ਜਾ ਸਕੇਗਾ। ਹਰ ੩੦ ਮਿੰਟ ਬਾਅਦ ਇਕ ਗੱਡੀ ਇਸ ਵਿਚ ਚਲੇਗੀ।

## ਸਿਗਰਟ ਨੋਸ਼ੀ ਉਪਰ ਪਾਬੰਦੀ

ਵੈਸਟ ਮਿਡਲੈਂਡ ਦੇ ਇਲਾਕੇ ਵਿਚ ਰੋਜ਼ਾਨਾ ਚਲਣ ਵਾਲੀਆਂ ਲਗਭਗ ੫੦੦ ਰੇਲ ਗੱਡੀਆਂ ਵਿਚ ਸਿਗਰੇਟ ਪੀਣ ਦੀ ਮਨਾਹੀ ਕਰਨ ਦਾ ਸੁਝਾਅ ਸਰਕਾਰੀ ਵਿਚਾਰ ਅਧੀਨ ਹੈ । ਟਰਾਂਸਪੋਰਟ ਅਧਿਕਾਰੀ, ਪ੍ਰਧਾਨ ਸ੍ਰੀ ਟਿਲ ਅਤੇ ਹੋਰਨਾਂ ਸੰਬੰਧਤ ਲੋਕਾਂ ਦੀ ਰਾਏ ਹਾਸਲ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਲੋਕ ਜਨਤਕ ਥਾਵਾਂ ਤੇ ਸਿਗਰਟ ਦੀ ਵਰਤੋਂ ਕਰਨ ਦਾ ਵਿਰੋਧ ਕਰਨ ਲੱਗ ਪਏ ਹਨ। ਚਲਦੀ ਗੱਡੀ ਵਿਚ ਸਿਗਰਟ ਪੀਣਾ ਹੋਰ ਵੀ ਖ਼ਤਰਨਾਕ ਹੈ ਕਿਉਂਕਿ ਅੱਗ ਲੱਗਣ ਦਾ ਡਰ ਹਰ ਵੇਲੇ ਬਣਿਆ ਰਹਿੰਦਾ ਹੈ। ਚੋਰਾਂ ਨੇ ਰੇਲ ਗੱਡੀਆਂ ਵਿਚ ਰੱਖੀਆਂ ਹੋਈਆਂ ਐਸ਼-ਟਰੇਆਂ ਚੁਰਾ ਲਈਆਂ ਹਨ, ਜਿਸ ਕਾਰਨ ਸਿਗਰੇਟਾਂ ਦੀ ਸਵਾਹ ਮੁਸਾਫਰ ਫਰਸ਼ ਤੇ ਹੀ ਸੁੱਟ ਦਿੰਦੇ ਹਨ ਤੇ ਓਹ ਗੰਦਾ ਹੋ ਜਾਂਦਾ ਹੈ। ਅਜਿਹੀ ਉਮੀਦ ਹੈ ਕਿ ਕੁਝ ਹੀ ਹਫਤਿਆਂ ਵਿਚ ਇਹ ਪਾਬੰਦੀ ਲਾ ਦਿਤੀ ਜਾਏਗੀ।

## ੧੯ਵਾਂ ਸਾਲਾਨਾ ਸੰਗੀਤ ਸੰਮੇਲਨ

ਸੰਗੀਤ ਕਲਾ ਮੰਚ ਜਲੰਧਰ ਵਲੋਂ ੨੦ ਜਨਵਰੀ ਨੂੰ ਸੰਗੀਤ ਦੇ ਪ੍ਰਚਾਰ ਲਈ ਜਲੰਧਰ ਤੋਂ ਬਾਹਰ ਫਗਵਾੜਾ ਵਿਚ ਠਾਕੁਰ ਓਂਕਾਰ ਨਾਥ ਜੀ ਦੀ ਯਾਦ ਨੂੰ ਸਮਰਪਤ ਸੰਗੀਤ ਸੰਮੇਲਨ ਦਾ ਆਯੋਜਨ ਕੀਤਾ ਗਿਆ । ਮੰਚ ਦੇ ਸਕੱਤਰ ਪ੍ਰੋ: ਜੋਗਿੰਦਰ ਬਾਵਰਾ ਨੇ ਸੰਗੀਤ ਪ੍ਰੇਮੀਆਂ ਦਾ ਸੁਆਗਤ ਕੀਤਾ। ਪ੍ਰਿੰਸੀਪਲ ਸ੍ਰੀਮਤੀ ਕੁਮਾਰ ਨੇ ਸ਼ਮਾ ਰੋਸ਼ਨ ਕੀਤੀ। ਕਮਲਾ ਨਹਿਰੂ ਕਾਲਜ ਦੀਆਂ ਵਿਦਿਆਰਥਣਾਂ ਨੇ ਸੁਰਸਵਤੀ ਵੰਦਨਾ ਦਾ ਗਾਇਨ ਕੀਤਾ। ਪ੍ਰੋ: ਹਰੀਦੇਵ ਨੇ ਰਾਗ ਤੋੜੀ ਪਰਸਤੁਤ ਕੀਤਾ। ਹਾਰਮੋਨੀਅਮ ਤੇ ਸ੍ਰੀ ਕਸਤੂਰੀ ਲਾਲ ਅਤੇ ਤਬਲਾ ਸੰਗਤ ਸ੍ਰੀ ਤਿਲਕ ਰਾਜ ਨੇ ਕੀਤੀ । ਸ੍ਰੀ ਮਨੋਹਰ ਲਾਲ ਤੇ ਸ੍ਰੀ ਸੁਰਿੰਦਰ ਕੁਮਾਰ ਨੇ ਬਾਂਸੁਰੀ ਤੇ ਰਾਗ ਸ਼ੁਧ ਸਾਰੰਗ ਸੁਣਾਇਆ। ਡਾ: ਜੋਗਿੰਦਰ ਸਿੰਘ ਬਾਵਰਾ ਨੇ ਰਾਗ ਦੇਵ ਗੰਧਾਰ ਦੀ ਅਵਤਾਰਨਾ ਕੀਤੀ। ਤਬਲਾ ਸ੍ਰੀ ਰਮਾਂਕਾਂਤ ਤੇ ਵਾਇਲਨ ਸ੍ਰੀ ਪ੍ਰਦੀਪ ਪੁਰੀ ਅਤੇ ਹਾਰਮੋਨੀਅਮ ਸ੍ਰੀ ਕਸਤੂਰੀ ਲਾਲ ਨੇ ਸੰਗਤ ਕੀਤੀ। ਸ੍ਰੀ ਰਾਜਨ ਕੁਲਕਰਨੀ ਨੇ ਸਰੋਦ ਤੇ ਰਾਗ ਬਸੰਤ ਦੀ ਰਚਨਾ ਵਜਾਈ। ਸ੍ਰੀ ਮਨੋਹਰ ਲਾਲ ਨੇ ਰਾਗ ਹੰਸਮੰਜਰੀ ਦਾ ਗਾਇਨ ਕੀਤਾ । ਸ੍ਰੀ ਪੁਰਸ਼ੋਤਮ ਮਹਿਤਾ ਨੇ ਸਿਤਾਰ ਤੇ ਰਾਗਭੈਰਵੀ ਸੁਣਾਇਆ ਇਹਨਾਂ ਨਾਲ ਤਬਲਾ ਸੰਗਤ ਸ੍ਰੀ ਵਿਜੇ ਕੁਮਾਰ ਕਰ ਰਹੇ ਸਨ। ਡਾ: ਸੁਰੇਸ਼ ਸ੍ਰੀਖੰਡੇ ਨੇ ਰਾਗ ਸ਼ੁਧ ਸਾਰੰਗ ਦਾ ਗਾਇਨ ਕੀਤਾ। ਮੁਖ ਮਹਿਮਾਨ ਨੇ ਸਾਰੇ ਕਲਾਕਾਰਾਂ ਨੂੰ ਮੰਚ ਵਲੋਂ ਮੈਡਲ ਪੇਸ਼ ਕੀਤੇ। ਓਂਕਾਰ ਸਮਾਰਿਕਾ ਵੀ ਰਿਲੀਜ਼ ਕੀਤੀ ਗਈ। ਇਸ ਅਵਸਰ ਤੇ ਡਾ: ਜੋਗਿੰਦਰ ਬਾਵਰਾ ਦੀਆਂ ਸੰਗੀਤ ਸੇਵਾਵਾਂ ਲਈ ਉਹਨਾਂ ਨੂੰ ਸੰਗੀਤ ਕਲੱਬ ਕਮਲਾ ਨਹਿਰੂ ਕਾਲਜ ਵਲੋਂ ਇਕ ਸ਼ਾਲ ਅਤੇ ਸ਼ੀਲਡ ਭੇਟ ਕਰਕੇ ਸਨਮਾਨਿਤ ਕੀਤਾ ਗਿਆ।



Sri Satguru Jagjit Singh Ji eLibrary NamdhariElibrary@gmail.com

# ਫੋਟੋ ਕਿਸ ਦੀ ਛਾਪੀ ਜਾਏ ?

— ਰਸੂਲ ਹਮਜ਼ਾਤੋਵ —

ਕਹਿੰਦੇ ਨੇ ਕਿ ਚੁਸਤ-ਫੁਰਤ ਪਤਨੀਆਂ ਆਪਣੇ ਘਰ ਵਾਲਿਆਂ ਦੀ ਤਰੱਕੀ ਵਿਚ ਕੋਈ ਘੱਟ ਹਿਸਾ ਨਹੀਂ ਪਾਉਂਦੀਆਂ। ਹਾਂ, ਇਹੋ ਜਿਹੀਆਂ ਚੁਸਤ-ਫੁਰਤ ਪਤਨੀਆਂ ਮੈਂ ਵੀ ਦੇਖੀਆਂ ਹੋਈਆਂ ਹਨ। ਸਾਡੇ ਇਕ ਕਵੀ ਦੀ ਜਿਹੜਾ ਦਾਗਿਸਤਾਨ ਵਿਚ ਬੜਾ ਪ੍ਰਸਿਧ ਹੈ ਬਿਲਕੁਲ ਇਸ ਤਰ੍ਹਾਂ ਦੀ ਪਤਨੀ ਹੈ। ਉਸਦਾ ਨਾਂ ਹੀ ਲਵੋ ਤਾਂ ਸਾਰੀ ਲੇਖਕ ਯੂਨੀਅਨ ਦੇ ਸਾਰੇ ਪ੍ਰਕਾਸ਼ਨ ਘਰ ਤੇ ਅਖਬਾਰ ਥਰਥਰ ਕੰਬਣ ਲੱਗ ਜਾਂਦੇ ਹਨ। ਮੈਂ ਵੀ ਉਸਤੋਂ ਕੁਝ ਡਰਦਾ ਸਾਂ, ਤੇ ਉਸਨੂੰ ਜ਼ਰਾ ਆਪਣੇ ਹੱਕ ਵਿਚ ਕਰਨ ਲਈ, ਸਗੋਂ ਉਸਦੇ ਪਤੀ ਦੀ ਫੋਟੋ ਵੀ ਆਪਣੇ ਦਫਤਰ ਵਿਚ ਲਟਕਾ ਲਈ ਸੀ। ਮੈਂ ਸੋਚਿਆ ਕਿ ਉਹ ਇਸ ਉਤੇ ਖੁਸ਼ ਹੋਵੇਗੀ ਤੇ ਮੇਰੇ ਨਾਲ ਕੁਝ ਨਰਮ ਵਰਤਾਓ ਕਰੇਗੀ। ਪਰ ਇਸਦਾ ਕੋਈ ਫਾਇਦਾ ਨਾ ਹੋਇਆ। ਇਹ ਵਿਅਰਥ ਸੀ, ਕਿਉਂਕਿ ਮੇਰੇ ਦਫਤਰ ਵਿਚ ਟੰਗੀ ਉਸਦੇ ਪਤੀ ਦੀ ਫੋਟੋ ਨਾਲ ਇਕ ਵੀ ਕੋਪੇਕ ਵਾਧੂ ਨਹੀਂ ਸੀ ਆਉਂਦਾ।

ਇਕ ਵਾਰੀ ਉਸਨੇ ਮੰਗ ਕੀਤੀ ਕਿ ਪ੍ਰਕਾਸ਼ਨ ਘਰ ਬਿਨਾਂ ਢਿਲ ਕੀਤਿਆਂ, ਉਸਦੇ ਪਤੀ ਦਾ ਕਾਵਿ-ਸੰਗ੍ਰਹਿ ਪ੍ਰਕਾਸ਼ਤ ਕਰੇ। ਮੈਨੇਜਰ ਨੇ ਜਰਕਦੇ ਨੇ ਉਸਨੂੰ ਕਿਹਾ ਕਿ ਉਸ ਸਾਲ ਲਈ ਪ੍ਰਕਾਸ਼ਨ ਯੋਜਨਾ ਤੈਅ ਹੋ ਚੁੱਕੀ ਹੈ ਤੇ ਬਦਲੀ ਨਹੀਂ ਜਾ ਸਕਦੀ, ਤੇ ਨਾਲੇ ਕਾਗਜ਼ ਦੀ ਥੁੜ੍ਹ ਹੈ, ਪਰ ਅਗਲੇ ਸਾਲ ਸ਼ਾਇਦ ਕੁਝ ਕੀਤਾ ਜਾ ਸਕੇ।...

"ਤੂੰ ਬੇਸ਼ਰਮ ਆਦਮੀ!" ਗੁੱਸੇ ਵਿਚ ਔਰਤ ਚਿਲਾਈ। "ਤੂੰ ਡਰਦੈਂ ਕਿ ਕਿਤੇ ਲੋਕੀ ਦੇਖ ਨਾ ਲੈਣ ਕਿ ਮੇਰੇ ਪਤੀ ਦੀ ਕਵਿਤਾ ਤੇਰੀ ਕਵਿਤਾ ਨਾਲੋਂ ਕਿੰਨੀ ਜ਼ਿਆਦਾ ਚੰਗੀ ਹੈ। ਇਸੇ ਕਰਕੇ ਤੂੰ ਮੈਨੂੰ ਕਾਗਜ਼ ਤੇ ਯੋਜਨਾਵਾਂ ਬਾਰੇ ਇਹ ਪਰੀ-ਕਹਾਣੀਆਂ ਸੁਨਾਉਣ ਡਿਹੈਂ। ਯਾਦ ਰੱਖ, ਮੈਂ ਤੈਨੂੰ ਚੰਗੀ ਤਰ੍ਹਾਂ ਸਮਝਦੀ ਹਾਂ। ਮੈਂ ਤੇਰੀਆਂ ਗੱਲਾਂ ਵਿਚ ਨਹੀਂ ਆਉਣ ਵਾਲੀ। ਤੈਨੂੰ ਮੇਰੇ ਪਤੀ ਦਾ ਕਾਵਿ-ਸੰਗ੍ਰਹਿ ਛਾਪਣਾ ਹੀ ਪਵੇਗਾ।"

ਏਨਾਂ ਕਹਿ ਕੇ, ਉਹ ਪ੍ਰਕਾਸ਼ਨ ਘਰ ਦਾ ਦਰਵਾਜਾ ਜ਼ੋਰ ਦੀ ਬੰਦ ਕਰਦਿਆਂ ਚਲੀ ਗਈ।

ਦੋ ਘੰਟੇ ਮਗਰੋਂ ਮੈਨੇਜਰ ਦੇ ਮੇਜ਼ ਉਪਰਲਾ ਟੈਲੀਫੂਨ ਖੜਕਿਆ। ਇਲਾਕਾ ਪਾਰਟੀ ਕਮੇਟੀ ਦਾ ਸਕੱਤਰ ਬੋਲ ਰਿਹਾ ਸੀ।

"ਰੱਬ ਦੇ ਵਾਸਤੇ, ਕੁਝ ਕਰ ਜਿਸ ਨਾਲ ਇਹ ਔਰਤ ਮੁੜ ਕੇ ਮੇਰੇ ਕੋਲ ਨਾ ਆਏ", ਸਕੱਤਰ ਨੇ ਵਾਸਤਾ ਪਾਇਆ। "ਮੈਂ ਆਪਣੇ ਮੇਜ਼ ਦਾ ਸ਼ੀਸ਼ਾ ਮੁੜ ਮੁੜ ਕੇ ਨਹੀਂ ਬਦਲ ਸਕਦਾ, ਉਹ ਹੁਣੇ ਹੀ ਇਸਨੂੰ ਮੁੱਕੀਆਂ ਮਾਰ ਮਾਰ ਕੇ ਮੁੜਕੇ ਤੋੜ ਗਈ ਹੈ।"

ਕੀ ਖਿਆਲ ਕਰਦੇ ਹੋ ਕਿ ਸਿੱਟਾ ਕੀ ਨਿਕਲਿਆ? ਉਹਨਾਂ ਨੇ ਲਿਓ ਟਾਲਸਟਾਏ ਦੇ 'ਹਾਜੀ ਮੁਰਾਤ' ਨੂੰ ਯੋਜਨਾ ਵਿਚੋਂ ਕੱਢ ਦਿਤਾ, ਨਾਲ ਹਮਜ਼ਾਤ ਤਸਾਦਸਾ ਦੀ ਲਿਖੀ ਬੱਚਿਆਂ ਦੀ ਕਿਤਾਬ ਕੱਢ ਦਿਤੀ ਤੇ ਇਹਨਾਂ ਦੋ ਕਿਤਾਬਾਂ ਦੀ ਥਾਂ ਉਸ ਜੰਗਜੂ ਔਰਤ ਦੇ ਘਰ ਵਾਲੇ ਦਾ ਕਾਵਿ ਸੰਗ੍ਰਹਿ ਰੱਖ ਦਿਤਾ।

ਉਸਤੋਂ ਮਗਰੋਂ ਸਾਨੂੰ ਕੋਈ ਚੈਨ ਮਿਲਿਆ? ਨਹੀਂ ਬਿਲਕੁਲ ਨਹੀਂ। ਜਲਦੀ ਹੀ ਇਕ ਹੋਰ ਪੁਆੜਾ ਖੜਾ ਹੋ ਗਿਆ, ਐਤਕੀਂ ਇਸ ਦਾ ਕਾਰਨ ਇਹ ਸੀ ਕਿ ਕਵੀ ਦੀ ਫੋਟੋ ਕਾਵਿ ਸੰਗ੍ਰਹਿ ਉਤੇ ਨਹੀਂ ਸੀ ਛਪੀ।

"ਬੇ-ਸ਼ਰਮ ਆਦਮੀ!" ਉਸ ਦੀ ਗੁਸੈਲ ਪਤਨੀ ਚਿਲਾਈ "ਤੁਸੀਂ ਨਹੀਂ ਚਾਹੁੰਦੇ ਕਿ ਲੋਕੀਂ ਦੇਖਣ ਕਿ ਮੇਰਾ ਪਤੀ ਤੁਹਾਡੇ ਸਾਰਿਆਂ ਨਾਲੋਂ ਕਿੰਨਾ ਜ਼ਿਆਦਾ ਖੂਬਸੂਰਤ ਹੈ। ਇਸੇ ਕਰਕੇ ਤੁਸੀਂ ਉਸਦੀ ਤਸਵੀਰ ਨਹੀਂ ਛਾਪੀ।"

"ਨਹੀਂ ਇਸ ਕਰਕੇ ਨਹੀਂ", ਪ੍ਰਕਾਸ਼ਨ ਘਰ ਦੇ ਮੈਨੇਜਰ ਨੇ ਜਵਾਬ ਦਿਤਾ "ਸਾਨੂੰ ਸਿਰਫ ਇਹ ਪਤਾ ਨਹੀਂ ਸੀ ਲਗਦਾ ਕਿ ਕਿਸਦੀ ਤਸਵੀਰ ਛਾਪੀਏ, ਤੇਰੀ ਕਿ ਤੇਰੇ ਪਤੀ ਦੀ।"

"ਕੀ ਪਤਾ" ਔਰਤ ਵਰਾਂਛਾਂ ਚੋੜੀਆਂ ਕਰਦੀ ਹੋਈ ਬੋਲੀ, "ਮੈਂ ਨਾ ਹੁੰਦੀ ਤਾਂ ਉਸਨੇ ਕਵੀ ਵੀ ਬਣ ਸਕਣਾ ਸੀ ਜਾਂ ਨਹੀਂ।"

('ਮੇਰਾ ਦਾਗਸਤਾਨ' ਚੋਂ)

## ਅਮਰ ਗੀਤ

ਕਹਿੰਦੇ ਨੇ ਜਦੋਂ ਮਹਾਨ ਕਵੀ ਮਹਿਮੂਦ ਮਰ ਗਿਆ ਤੇ ਉਸਦੇ ਗਮਜ਼ਦਾ ਪਿਓ ਨੇ ਮਹਿਮੂਦ ਦੀਆਂ ਹੱਥ ਲਿਖਤਾਂ ਵਾਲਾ ਝੋਲਾ ਚੁੱਕਿਆ ਤੇ ਅੱਗ ਵਿਚ ਸੁੱਟ ਦਿਤਾ।

"ਸੜ ਜਾਓ, ਲਾਅਨਤੀ ਕਾਗਜ਼ੋ। ਤੁਹਾਡੇ ਕਰਕੇ ਮੇਰਾ ਪੁੱਤ ਅਣਿਆਈ ਮੌਤੇ ਮਰਿਐ"।

ਕਾਗਜ਼ ਸਾਰੇ ਸੜ ਗਏ ਪਰ ਮਹਿਮੂਦ ਦੀਆਂ ਕਵਿਤਾਵਾਂ ਅਜੇ ਵੀ ਸਾਡੇ ਕੋਲ ਹਨ। ਉਸਦਾ ਲਿਖਿਆ ਇਕ ਲਫਜ਼ ਵੀ ਨਹੀਂ ਭੁਲਾਇਆ ਗਿਆ। ਉਸਦੇ ਗੀਤ ਲੋਕਾਂ ਦੇ ਦਿਲਾਂ ਵਿਚ ਰਹਿੰਦੇ ਹਨ, ਤੇ ਅੱਗ ਜਾਂ ਪਾਣੀ ਤੋਂ ਉਹਨਾਂ ਨੂੰ ਨੁਕਸਾਨ ਨਹੀਂ ਪੁੱਜ ਸਕਦਾ, ਕਿਉਂਕਿ ਉਹਨਾਂ ਵਿਚ ਸੱਚ ਦੀ ਆਵਾਜ਼ ਹੈ।

—ਰਸੂਲ ਹਮਜ਼ਾਤੋਵ



Sri Satguru Jagjit Singh Ji eLibrary NamdhariElibrary@gmail.com

https://archive.org/details/namdhari


# GOLD STAR

HOME ELECTRICAL APPLIANCES

SUPERB TECHNOLOGY
STAR PERFORMANCE



Sole Distributors :

TELEVISION SERVICE CENTRE (REGD.)

23, Beadonpura, Karol Bagh, NEW DELHI-110005

Phones : Service Centre : 5712477
Show Room : 5727552
Gold Star : 7227095

Telex - 31-79088 IEC IN
Grams : HOUSE QUEEN



ALWAYS INSIST UPON MEX




SWITCHGEARS &
MOTOR STARTERS
FOR PERFECT AND
TROUBLE-FREE
PERFORMANCE




MEX SWITCHGEARS PVT. LTD
REGD. OFFICE 9TH KILOMETER, PATHANKOT ROAD, JALANDHAR.
PHONES 72116, 76572 72118

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI
ALL KINDS OF MARBLE STONE SUPPLIERS
**WZ-2, Mansarover Garden, Ring Road,**
**NEW DELHI-110015**

Manufacturers of :
Solvent Extraction Plant
and Cattle Feed Plant Accessories

## Matharu Engineering Works

**Sultanpur Road,**
**Near Charbatti Chowk,**
**KAPURTHALA.**
**P.O. Box No. 64,**
Phone : 2027
Partner-S. Swaran Singh Matharu

## SANT SPORTS

Manufacturers of :
HIGH QUALITY CRICKET BATS
& OTHER SPORTS ITEMS
**Below Gumat, JAMMU TAWI-180001**
**(J & K)**
Phone : 48820

Manufacturers of :
WOODEN & PLY PACKING CASES

## PARTAP PACKERS

**B-204, Mansrover Garden,**
**NEW DEHLI-110015.**

## RAINU
## Engineering Works Regd.

**Prop. : S. Mohinder Singh**
Specialists in All Kinds of Auto Repairing, Saw Mills, Millers, Stone Crushers, Gates, Grils, Tata Rim Plate New Fittings & Water Tanks
Repair of Honda Generators and Diesel Generators
**VINAIK BAZAR, JAMMU.**
Phone No. 46894


Sri Satguru Jagjit Singh Ji eLibrary NamdhariElibrary@gmail.com

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones
Office : 529033
Factory : 501973
Resi. : 536093

# BALWANT SINGH & SONS

Office: 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI-110064


Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM JANUARY 1991
Ladowali Rd, Jalandhar-144001.
Registered with the Registrar of News Papers for India No. 26453/75

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2528411
,, : 2510345
Resi. : 2213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ

Sri Satguru Jagjit Singh Ji eLibrary NamdhariElibrary@gmail.com